ਅਖੰਡ ਕੀਰਤਨੀ ਜਥੇ ਦਾ ਮਾਸਿਕ ਪੱਤਰ

# ਸੋ ਕਹੀਅਤ ਹੈ ਸੂਰਾ

ਮਾਰਚ ੨੦੧੩,
ਫੱਗਣ-ਚੇਤ
੫੪੪ ਨਾਨਕਸ਼ਾਹੀ
₹ 10



## ਔਰਨ ਕੀ ਹੋਲੀ ਮਮ ਹੋਲਾ

For Private Circulation only




## 'ਸੋ ਕਹੀਅਤ ਹੈ ਸੂਰਾ' ਲਈ ਸਹਾਇਤਾ ਦੇਣ ਵਾਲੇ ਸੱਜਣ

| | |
|---|---|
| 1. ਗੁਪਤ | 2000 ਰੁਪਏ |
| 2. ਗੁਪਤ | 100 ਰੁਪਏ |
| 3. ਗੁਪਤ | 100 ਰੁਪਏ |
| 4. ਭਾਈ ਹਰਜੀਤ ਸਿੰਘ ਅਜੀਤਗੜ੍ਹ | 200 ਰੁਪਏ |
| 5. ਭਾਈ ਕੁਲਦੀਪ ਸਿੰਘ ਅਜੀਤਗੜ੍ਹ | 200 ਰੁਪਏ |
| 6. ਭਾਈ ਲਖਵਿੰਦਰ ਸਿੰਘ ਅਨੰਦਪੁਰ ਸਾਹਿਬ | 2100 ਰੁਪਏ |
| 7. ਭਾਈ ਭਗਵੰਤ ਸਿੰਘ ਫ਼ਤਿਹਗੜ੍ਹ ਸਾਹਿਬ | 500 ਰੁਪਏ |
| 8. ਬੀਬੀ ਇਕਬਾਲ ਕੌਰ ਅਜੀਤਗੜ੍ਹ | 500 ਰੁਪਏ |
| 9. ਭਾਈ ਰਣਜੀਤ ਸਿੰਘ ਅਨੰਦਪੁਰ ਸਾਹਿਬ | 500 ਰੁਪਏ |
| 10 . ਭਾਈ ਗਜਿੰਦਰ ਸਿੰਘ ਅੰਬਾਲਾ ਸਿਟੀ | 1500 ਰੁਪਏ |
| ਕੁੱਲ ਜੋੜ | = 7700 ਰੁਪਏ |

'ਸੋ ਕਹੀਅਤ ਹੈ ਸੂਰਾ' ਮਾਸਿਕ ਪੱਤਰ ਜੇਕਰ ਪਾਠਕ ਜਨ-ਸੰਗਤਾਂ ਨੂੰ ਹਰੇਕ ਮਹੀਨੇ ਦੀ 10 ਤਾਰੀਖ਼ ਤੱਕ ਨਹੀਂ ਮਿਲਦਾ ਤਾਂ ਉਹ ਸਾਡੇ ਦਫ਼ਤਰ ਦੇ ਫ਼ੋਨ ਨੰਬਰ : 0172-4643987 'ਤੇ ਸੂਚਿਤ ਕਰਨ ਦੀ ਕ੍ਰਿਪਾਲਤਾ ਕਰਨ ਜੀ।

**See Online Edition**

**www.akjsura.org**

## 'ਸੋ ਕਹੀਅਤ ਹੈ ਸੂਰਾ' ਹੇਠਾਂ ਦਿੱਤੇ ਸਿੰਘਾਂ ਤੋਂ ਪ੍ਰਾਪਤ ਕਰ ਸਕਦੇ ਹੋ

੧. ਸ੍ਰੀ ਅੰਮ੍ਰਿਤਸਰ ਸਾਹਿਬ - ਰੰਗਲੇ ਸੱਜਣ ਮੈਮੋਰੀਅਲ ਚੈਰੀਟੇਬਲ ਟ੍ਰਸਟ, ਚੌਂਕ ਬਾਬਾ ਸਾਹਿਬ, ਨੇੜੇ ਸ੍ਰੀ ਦਰਬਾਰ ਸਾਹਿਬ। ਭਾਈ ਮਹਿੰਦਰ ਸਿੰਘ, ਜੌੜਾ ਫ਼ਾਟਕ, ਫ਼ੋਨ : 92164-43312

ਭਾਈ ਅਮਨਦੀਪ ਸਿੰਘ, ਫ਼ੋਨ : 94173-08093

੨. ਅੰਬਾਲਾ - ਸੂਬੇਦਾਰ ਮੇਜਰ ਬਲਦੇਵ ਸਿੰਘ, ਫ਼ੋਨ : 094666-93516

੩. ਫ਼ਗਵਾੜਾ - ਭਾਈ ਕੁਲਦੀਪ ਸਿੰਘ, ਫ਼ੋਨ : 98786-23523

੪. ਜੰਮੂ - ਭਾਈ ਜਸਮੀਤ ਸਿੰਘ, ਫ਼ੋਨ : 094191-54545

੫. ਮੋਗਾ - ਭਾਈ ਸਤਨਾਮ ਸਿੰਘ, ਫ਼ੋਨ : 94633-41799

੬. ਤਰਨਤਾਰਨ - ਭਾਈ ਅਮਰ ਸਿੰਘ , ਫ਼ੋਨ : 94783,-50456

੭. ਜਲੰਧਰ - ਭਾਈ ਗੁਰਕ੍ਰਿਪਾਲ ਸਿੰਘ, ਫ਼ੋਨ : 98140-66102

੮. ਯਮੁਨਾਨਗਰ - ਭਾਈ ਬਲਦੇਵ ਸਿੰਘ, ਫ਼ੋਨ : 090347-16179

੯. ਬਠਿੰਡਾ - ਭਾਈ ਅਮਰੀਕ ਸਿੰਘ, ਫ਼ੋਨ : 94632-14774

੧੦. ਪਟਿਆਲਾ - ਭਾਈ ਸੁਲੱਖਣ ਸਿੰਘ, ਖ਼ਾਲਸਾ ਨਿਸ਼ਾਨ ਸਟੋਰ, ਦੁਕਾਨ ਨੰ : 15, ਗੁ. ਦੂਖਨਿਵਾਰਨ ਸਾਹਿਬ ਮਾਰਕੀਟ, ਫ਼ੋਨ : 0175-2361415

੧੧. ਬਰੇਲੀ (ਉਤਰ ਪ੍ਰਦੇਸ਼) - ਡਾ. ਰਜਿੰਦਰ ਸਿੰਘ, ਫ਼ੋਨ : 098379-88530

੧੨. ਰੂਪਨਗਰ - ਭਾਈ ਰਾਮ ਸਿੰਘ, ਫ਼ੋਨ : 82880-05592

੧੩. ਗੁਰਦਾਸਪੁਰ - ਭਾਈ ਹਰਦਿਆਲ ਸਿੰਘ, ਫ਼ੋਨ : 98728-18933

੧੪. ਪਠਾਨਕੋਟ - ਭਾਈ ਕੰਵਲਜੀਤ ਸਿੰਘ, ਫ਼ੋਨ : 94177-77632

੧੫. ਬਟਾਲਾ - ਭਾਈ ਗੋਪਾਲ ਸਿੰਘ, ਫ਼ੋਨ : 94640-80003

੧੬. ਦਸੂਹਾ - ਭਾਈ ਮਾਨ ਸਿੰਘ, ਫ਼ੋਨ : 94634-72687

੧੭. ਲੁਧਿਆਣਾ- ਭਾਈ ਮੇਵਾ ਸਿੰਘ, ਫ਼ੋਨ : 94641-38123

੧੮. ਕੁਰਾਲੀ - ਡਾ. ਰਣਜੀਤ ਸਿੰਘ, ਫ਼ੋਨ : 97796-37757

੧੯. ਖਰੜ- ਭਾਈ ਦਿਲਬਾਗ ਸਿੰਘ ਫ਼ੋਨ : 98148-25813

੨੦. ਸਮਾਣਾ-ਭਾਈ ਭਰਪੂਰ ਸਿੰਘ, ਫ਼ੋਨ : 98721-58627

੨੧. ਜੈਪੁਰ - ਭਾਈ ਹਰਜੀਤ ਸਿੰਘ, ਫ਼ੋਨ : 099284-30000

੨੨. ਆਗਰਾ- ਭਾਈ ਜਸਪਾਲ ਸਿੰਘ, ਫ਼ੋਨ : 097604-75575

੨੩. ਜੱਬਲਪੁਰ- ਭਾਈ ਮਨਜੀਤ ਸਿੰਘ, ਫ਼ੋਨ : 098261-48416

੨੪. ਦਿੱਲੀ- ਭਾਈ ਗੁਰਮੀਤ ਸਿੰਘ ਕਸ਼ਮੀਰੀ, ਫ਼ੋਨ : 098111-14510

੨੫. ਅਮਰੀਕਾ-ਭਾਈ ਭਗਤਜੋਤ ਸਿੰਘ, ਫ਼ੋਨ +1-404-408-7240

ਭਾਈ ਬਲਜੀਤ ਸਿੰਘ ਲਾਸਵੇਗਸ, ਫ਼ੋਨ : +1-702-748-7372

ਭਾਈ ਮਲਕੀਤ ਸਿੰਘ ਸਿਆਟਲ ਫ਼ੋਨ : +1-253-682-9337

੨੬. ਡੈਨਮਾਰਕ-ਭਾਈ ਗੁਰਸੇਵਕ ਸਿੰਘ ਫ਼ੋਨ : +456-199-9854

ਸੋ ਕਹੀਅਤ ਹੈ
ਸੂਰਾ

For Private Circulation only

Volume 1 Issue 3

ਸਰਪ੍ਰਸਤ
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ
ਨਿਰਮਲ ਪੰਥ ਦੀ ਗੁਰਮਤਿ ਵਿਚਾਰਧਾਰਾ।

ਪ੍ਰਬੰਧਕੀ ਸੰਪਾਦਕ
ਪ੍ਰਿੰਸੀਪਲ ਜੋਗਿੰਦਰ ਸਿੰਘ

ਸੰਪਾਦਕ
ਤਲਵਿੰਦਰ ਸਿੰਘ ਬੁੱਟਰ

ਸਲਾਹਕਾਰ ਬੋਰਡ
ਭਾਈ ਬਖ਼ਸ਼ੀਸ਼ ਸਿੰਘ ਫ਼ਗਵਾੜਾ
(+91-98889-08211)
ਭਾਈ ਜੋਧ ਸਿੰਘ ਦਿੱਲੀ
ਪ੍ਰੋ. ਮਨਮੋਹਨ ਸਿੰਘ ਅਜੀਤਗੜ੍ਹ
ਭਾਈ ਦਲਜਿੰਦਰ ਸਿੰਘ ਪਟਿਆਲਾ
ਭਾਈ ਅਜੀਤ ਸਿੰਘ ਲੁਧਿਆਣਾ

ਕਾਨੂੰਨੀ ਸਲਾਹਕਾਰ
ਐਡਵੋਕੇਟ ਭਾਈ ਅਮਰਜੀਤ ਸਿੰਘ
ਅੰਮ੍ਰਿਤਸਰ

ਮੁੱਖ ਦਫ਼ਤਰ
ਮਕਾਨ ਨੰਬਰ : 532, ਫ਼ੇਜ਼-3ਬੀ1, ਅਜੀਤਗੜ੍ਹ
(ਮੋਹਾਲੀ) ਪਿੰਨ : 160059
ਫ਼ੋਨ ਨੰਬਰ : 93177-53202

ਰਚਨਾਵਾਂ ਭੇਜਣ ਦਾ ਪਤਾ
ਮਾਰਫ਼ਤ ਤਲਵਿੰਦਰ ਸਿੰਘ ਬੁੱਟਰ
ਸ਼ਹੀਦ ਬਾਬਾ ਦੀਪ ਸਿੰਘ ਜੀ ਕਲੋਨੀ,
ਸ੍ਰੀ ਦਸਮੇਸ਼ ਅਕੈਡਮੀ ਰੋਡ,
ਸ੍ਰੀ ਅਨੰਦਪੁਰ ਸਾਹਿਬ। ਪਿੰਨ : 140118
e-mail : akjmagzine@yahoo.com
ਫ਼ੋਨ ਨੰਬਰ : 94649-44440
(ਕੇਵਲ ਸੰਪਾਦਕੀ ਮਾਮਲਿਆਂ ਲਈ)

# ਸੰਪਾਦਕੀ

## ਧਰਮ ਦੀ ਆਜ਼ਾਦੀ 'ਤੇ ਹਮਲਾ

ਪਿਛਲੇ ਦਿਨੀਂ ਮੱਧ ਪ੍ਰਦੇਸ਼ ਦੇ ਜ਼ਿਲ੍ਹਾ ਅਸ਼ੋਕਨਗਰ ਦੇ ਪਿੰਡ ਮਥਾਨਾ ਵਿਖੇ ਸਿੰਘ ਸਜੇ ਪਰਿਵਾਰਾਂ 'ਤੇ ਉਥੋਂ ਦੇ ਕੁਝ ਫ਼ਿਰਕਾਪ੍ਰਸਤ ਅਤੇ ਅਖੌਤੀ ਉਚ ਜਾਤੀ ਲੋਕਾਂ ਵਲੋਂ ਅੱਤਿਆਚਾਰ ਕੀਤੇ ਜਾਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਮੱਧ ਪ੍ਰਦੇਸ਼ ਵਿਚ ਅੱਜ ਵੀ ਸਦੀਆਂ ਪੁਰਾਣੀ ਮਨੂੰਵਾਦੀ ਵਰਣ ਪ੍ਰਣਾਲੀ ਅਨੁਸਾਰ ਅਖੌਤੀ ਸ਼ੂਦਰ ਜਾਤਾਂ ਨਾਲ ਅਖੌਤੀ ਉਚ ਜਾਤੀ ਲੋਕਾਂ ਵਲੋਂ ਅੱਤਿਆਚਾਰ, ਛੂਤ-ਛਾਤ ਅਤੇ ਘੋਰ-ਵਿਤਕਰੇਬਾਜ਼ੀ ਕੀਤੀ ਜਾਂਦੀ ਹੈ। ਮਥਾਨਾ ਪਿੰਡ 'ਚ ਵੀ ਇਸੇ ਜਾਤ-ਪਾਤ ਦੀ ਬੁਰਾਈ ਤੋਂ ਪੀੜਤ ਲੋਕਾਂ ਨੇ ਨਿੱਤ ਦਿਨ ਦੇ ਮਰ-ਮਰ ਕੇ ਜਿਊਣ ਨਾਲੋਂ ਅਣਖ ਨਾਲ ਜਿਊਣ ਦਾ ਇਰਾਦਾ ਧਾਰ ਕੇ ਦਸਮ ਪਾਤਿਸ਼ਾਹ ਦਾ ਚਿੜੀਆਂ ਤੋਂ ਬਾਜ਼ ਤੁੜਾਵਣਹਾਰਾ 'ਆਬ-ਏ-ਹਯਾਤ' ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਸਵੈਮਾਣ ਦੀ ਜ਼ਿੰਦਗੀ ਜਿਊਣ ਦਾ ਫ਼ੈਸਲਾ ਕੀਤਾ ਹੈ। ਦੂਜੇ ਪਾਸੇ ਅਖੌਤੀ ਉਚ ਜਾਤੀ ਲੋਕਾਂ ਨੂੰ ਭਾਸਣ ਲੱਗਾ ਕਿ ਉਨ੍ਹਾਂ ਦੀ ਸਦੀਆਂ ਦੀ ਗ਼ੁਲਾਮੀ ਸਹਿਣ ਵਾਲੇ ਲੋਕ ਸਿੰਘ ਸਜ ਕੇ ਸਵੈਮਾਣ ਅਤੇ ਅਣਖ ਦੀ ਜ਼ਿੰਦਗੀ ਜਿਊਣ ਲੱਗ ਪਏ ਤਾਂ ਇਹ ਉਨ੍ਹਾਂ ਦੀ ਜਾਤੀਵਾਦੀ ਹਉਮੈ ਲਈ ਖ਼ਤਰਾ ਹੋਵੇਗਾ, ਜਿਸ ਕਰਕੇ ਉਨ੍ਹਾਂ ਨੇ ਇਨ੍ਹਾਂ ਸਿੱਖਾਂ ਨੂੰ ਧਰਮ ਛੱਡਣ ਲਈ ਅੱਤਿਆਚਾਰਾਂ ਦਾ ਸ਼ਿਕਾਰ ਬਣਾਉਣਾ ਸ਼ੁਰੂ ਕੀਤਾ ਹੋਇਆ ਹੈ। ਭਾਰਤ ਦਾ ਸੰਵਿਧਾਨ ਵੀ ਹਰੇਕ ਮਨੁੱਖ ਨੂੰ ਆਪਣੀ ਮਰਜ਼ੀ ਅਨੁਸਾਰ ਧਰਮ ਦੀ ਪਾਲਣਾ ਕਰਨ ਦਾ ਅਧਿਕਾਰ ਦਿੰਦਾ ਹੈ ਅਤੇ ਮੱਧ ਪ੍ਰਦੇਸ਼ ਵਿਚ ਸਿੰਘ ਸਜੇ ਪਰਿਵਾਰਾਂ 'ਤੇ ਜ਼ਬਰਦਸਤੀ ਸਿੱਖ ਧਰਮ ਛੱਡਣ ਲਈ ਅੱਤਿਆਚਾਰ ਕਰਨ ਦੀਆਂ ਘਟਨਾਵਾਂ ਜਿਥੇ ਭਾਰਤੀ ਜਮਹੂਰੀਅਤ ਦਾ ਘਾਣ ਹੈ ਉਥੇ ਧਰਮ ਦੀ ਰੱਖਿਆ ਲਈ ਸੀਸ ਵਾਰਨ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦਾ ਵੀ ਉਨ੍ਹਾਂ ਲੋਕਾਂ ਵਲੋਂ ਹੀ ਘੋਰ ਅਪਮਾਨ ਕਰਨ ਦੀ ਹਿਮਾਕਤ ਹੈ, ਜਿਨ੍ਹਾਂ ਲੋਕਾਂ ਦੇ 'ਤਿਲਕ-ਜੰਞੂ' ਬਚਾਉਣ ਲਈ ਨੌਂਵੇਂ ਪਾਤਿਸ਼ਾਹ ਨੇ ਲਾਸਾਨੀ ਸ਼ਹਾਦਤ ਦਿੱਤੀ ਸੀ। ਅਸੀਂ ਸਮੁੱਚੇ ਸਿੱਖ ਜਗਤ ਨੂੰ ਅਪੀਲ ਕਰਦੇ ਹਾਂ ਕਿ ਜਿਥੇ ਅਸੀਂ ਅੱਜ ਵਿਦੇਸ਼ਾਂ ਵਿਚ ਧਾਰਮਿਕ ਅਧਿਕਾਰਾਂ ਲਈ ਲੜਾਈ ਲੜ ਰਹੇ ਹਾਂ ਉਥੇ ਭਾਰਤ ਅੰਦਰ ਹੀ ਸਿੱਖਾਂ ਦੇ ਧਰਮ ਦੀ ਆਜ਼ਾਦੀ ਦਾ ਗਲਾ ਘੁੱਟਣ ਦੀਆਂ ਘਟਨਾਵਾਂ ਨੂੰ ਵੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਜਿਨ੍ਹਾਂ ਲੋਕਾਂ ਨੇ ਜਾਤ-ਪਾਤ ਦੀਆਂ ਸਦੀਆਂ ਦੀਆਂ ਜ਼ੰਜ਼ੀਰਾਂ ਤੋਂ ਮੁਕਤੀ ਹਾਸਲ ਕਰਨ ਲਈ ਦਸਮ ਪਿਤਾ ਦੇ ਖ਼ਾਲਸਾ ਪੰਥ ਵਿਚ ਪ੍ਰਵੇਸ਼ ਕੀਤਾ ਹੈ, ਉਨ੍ਹਾਂ ਤੋਂ ਧਰਮ ਦੇ ਖੋਹੇ ਜਾ ਰਹੇ ਅਧਿਕਾਰਾਂ ਵਿਰੁੱਧ ਸਮੁੱਚੇ ਖ਼ਾਲਸਾ ਪੰਥ ਨੂੰ ਇਕਮੁੱਠ ਹੋ ਕੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਤਾਂ ਜੋ ਮੁਸੀਬਤਜ਼ਦਾ ਉਨ੍ਹਾਂ ਸਿੱਖਾਂ ਅੰਦਰ ਕਿਤੇ ਹੁਣ ਵੀ ਊਣੇ, ਨਿਤਾਣੇ ਜਾਂ ਮਜ਼ਲੂਮ ਹੋਣ ਦਾ ਅਹਿਸਾਸ ਨਾ ਪੈਦਾ ਹੋ ਜਾਵੇ।

### ਬੇਨਤੀ

ਹਥਲਾ ਮਾਸਿਕ ਪੱਤਰ ਨਿਰੋਲ ਗੁਰਮਤਿ ਸਾਹਿਤਕ ਪਰਚਾ ਹੈ ਅਤੇ ਇਸ ਵਿਚ ਗੁਰਬਾਣੀ ਦੀਆਂ ਅਨੇਕਾਂ ਤੁਕਾਂ ਲਿਖੀਆਂ ਹੋਈਆਂ ਹਨ ਕ੍ਰਿਪਾ ਕਰਕੇ ਇਸ ਨੂੰ ਪੂਰਨ ਸਤਿਕਾਰ ਸਹਿਤ ਰੱਖਿਆ ਜਾਵੇ ਅਤੇ ਰੱਦੀ ਵਿਚ ਨਾ ਵੇਚਿਆ ਜਾਵੇ ਜੀ।

### ਚੰਦਾ

ਸਾਲਾਨਾ ਚੰਦਾ
ਭਾਰਤ 100 ਰੁਪਏ,
ਵਿਦੇਸ਼ਾਂ ਲਈ 1200 ਰੁਪਏ।

ਉਮਰ ਭਰ ਲਈ ਚੰਦਾ
ਭਾਰਤ 1500 ਰੁਪਏ,
ਵਿਦੇਸ਼ਾਂ ਲਈ 10,000 ਰੁਪਏ।

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ

ਸੋ ਕਹੀਅਤ ਹੈ ਸੂਰਾ

ਅੰਕ : ੩ ਸਾਲ : ੧ ਮਾਰਚ ੨੦੧੩

ਫ਼ੱਗਣ-ਚੇਤ, ੫੪੪ ਨਾਨਕਸ਼ਾਹੀ

ਅਖੰਡ ਕੀਰਤਨੀ ਜਥੇ ਦਾ ਨਿਰੋਲ ਧਾਰਮਿਕ ਮਾਸਿਕ ਪੱਤਰ

'ਸੋ ਕਹੀਅਤ ਹੈ ਸੂਰਾ' ਵਿਚ ਨਿਰੋਲ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਹੀ ਰਚਨਾਵਾਂ ਛਾਪਣ ਦੀ ਪੂਰਨ ਕੋਸ਼ਿਸ਼ ਕੀਤੀ ਜਾਵੇਗੀ ਪਰ ਫਿਰ ਵੀ ਲਾਜ਼ਮੀ ਨਹੀਂ ਹੈ ਕਿ ਹਰੇਕ ਰਚਨਾ ਨਾਲ 'ਸੰਪਾਦਕੀ ਮੰਡਲ' ਜਾਂ ਜਥੇ ਦੀ ਸਮੂਹਿਕ ਵਿਚਾਰਧਾਰਾ ਇੰਨ-ਬਿੰਨ ਸਹਿਮਤ ਹੋਵੇ।
ਕਿਸੇ ਵੀ ਖੇਤਰ ਵਿਚ ਕਿਸੇ ਵੀ ਵਿਵਾਦ ਦੀ ਸੂਰਤ ਵਿਚ ਨਿਆਂਖੇਤਰ ਸਿਰਫ਼ ਅਜੀਤਗੜ੍ਹ (ਮੁਹਾਲੀ) ਹੋਵੇਗਾ ਅਤੇ ਕਿਸੇ ਵੀ ਇਤਰਾਜ਼ ਨੂੰ ਦੋ ਮਹੀਨੇ ਦੇ ਅੰਦਰ ਪ੍ਰਗਟ ਕਰਨਾ ਜ਼ਰੂਰੀ ਹੋਵੇਗਾ।

## ਲੇਖਕਾਂ ਤੇ ਪਾਠਕਾਂ ਲਈ

* ਅਖੰਡ ਕੀਰਤਨੀ ਜਥੇ ਦੇ ਮਾਸਿਕ ਪੱਤਰ 'ਸੋ ਕਹੀਅਤ ਹੈ ਸੂਰਾ' ਲਈ ਨਿਰੋਲ ਗੁਰਮਤਿ ਆਸ਼ੇ ਦੇ ਅਨੁਕੂਲ, ਰੂਹਾਨੀ/ ਅਧਿਆਤਮਕ ਅਤੇ ਗੁਰਸਿੱਖੀ ਸਰੋਕਾਰਾਂ ਨਾਲ ਸੰਬੰਧਤ ਨਿਰਵਿਵਾਦ ਵਿਸ਼ਿਆਂ 'ਤੇ ਲੇਖਕਾਂ ਨੂੰ ਰਚਨਾਵਾਂ ਭੇਜਣ ਦੀ ਸਨਿਮਰ ਬੇਨਤੀ ਹੈ।
* ਰਚਨਾਵਾਂ ਵਿਚ ਲੇਖ, ਕਵਿਤਾਵਾਂ ਅਤੇ ਹੋਰ ਗੁਰਮਤਿ ਵਿਚਾਰਾਂ ਨਾਲ ਸੰਬੰਧਿਤ ਸਮੱਗਰੀ ਨੂੰ ਕਾਗਜ਼ 'ਤੇ ਸਾਫ਼-ਸੁਥਰੇ ਅੱਖਰਾਂ ਵਿਚ ਲਿਖ ਕੇ ਜਾਂ ਫ਼ਿਰ ਟਾਈਪ ਕਰਵਾ ਕੇ ਹਰ ਮਹੀਨੇ ਦੀ 10 ਤਰੀਖ਼ ਤੋਂ ਪਹਿਲਾਂ-ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।
* ਲੇਖ ਸਮੱਗਰੀ ਦੇ ਨਾਲ ਗੁਰਬਾਣੀ ਦੀਆਂ ਤੁਕਾਂ ਅਤੇ ਹਵਾਲੇ ਕ੍ਰਿਪਾ ਕਰਕੇ ਪੂਰਨ ਰੂਪ ਵਿਚ ਸੋਧ ਕੇ ਭੇਜੋ ਜੀ।
* ਅਸੀਂ ਇਸ ਮਾਸਿਕ ਪੱਤਰ ਨੂੰ ਪਾਠਕ ਜਨਾਂ ਲਈ ਹੋਰ ਲਾਭਦਾਇਕ, ਜਾਣਕਾਰੀ ਭਰਪੂਰ ਅਤੇ ਗੁਰਬਾਣੀ ਆਸ਼ੇ ਤੇ ਗੁਰਮਤਿ ਵਿਚਾਰਾਂ ਦਾ ਵਾਹਕ ਬਣਾਉਣ ਲਈ ਅਖੰਡ ਕੀਰਤਨੀ ਜਥੇ ਦੇ ਸੂਝਵਾਨ ਤੇ ਚੇਤੰਨ ਮੈਂਬਰਾਂ ਦੇ ਸੁਝਾਵਾਂ ਦਾ ਹਾਰਦਿਕ ਸਵਾਗਤ ਕਰਾਂਗੇ।

# ਅਨਮੋਲ ਬਚਨ

ਨਾਮ ਤੋਂ ਥੋਥਾ ਬੀਰ ਰਸ ਨਿਰਾ ਅਹੰਕਾਰ ਦੀਆਂ ਪੰਡਾਂ ਬੰਨ੍ਹਣੀਆਂ ਹਨ ਅਤੇ ਸੱਚਾ-ਸੁੱਚਾ ਬੀਰ ਰਸ ਨਾਮ-ਰੰਗ ਤੋਂ ਬਿਨਾਂ ਉਪਜ ਹੀ ਨਹੀਂ ਸਕਦਾ ।

ਹੋਲੇ ਮਹੱਲੇ ਦਾ ਆਸ਼ਾ, ਉਦੇਸ਼ ਤੇ ਉਪਦੇਸ਼ ੪

ਸ੍ਰੀ ਦਸਮੇਸ਼ ਪੂਰਨੇ ੬
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਪੰਥ ੧੦
ਪ੍ਰੋ. ਪੂਰਨ ਸਿੰਘ ਜੀ

ਸਭੇ ਸਾਂਝੀਵਾਲ ਸਦਾਇਨਿ ੧੪

ਖੇਡੇ ਖ਼ਾਲਸਾ ਖ਼ੂਨ ਨਾਲ ਹੋਲੀਆਂ ਵੇ ੧੬
ਪ੍ਰਿੰ. ਸੱਜਣ ਸਿੰਘ, ਨਵੀਂ ਦਿੱਲੀ

ਸ਼ਕਤੀਆਂ ਦਾ ਪ੍ਰਤੀਕ ਹੋਲਾ ਮਹੱਲਾ ੧੮
ਪ੍ਰਿੰਸੀਪਲ ਸਤਿਬੀਰ ਸਿੰਘ

ਔਰਨ ਕੀ ਹੋਲੀ ਮਮ ਹੋਲਾ ੨੧
ਤਲਵਿੰਦਰ ਸਿੰਘ ਬੁੱਟਰ

ਖ਼ਾਲਸਾ ਜੀ ਦੀ ਚੜ੍ਹਦੀ ਕਲਾ ਕਿਵੇਂ ? ੨੪
ਭਾਈ ਨਰੈਣ ਸਿੰਘ ਐਮ.ਏ

ਮਾਲਕ, ਪ੍ਰਕਾਸ਼ਕ ਤੇ ਛਾਪਕ ਸਤਿੰਦਰਪਾਲ ਸਿੰਘ ਨੇ ਕਲਾਸਿਕ ਪ੍ਰਿੰਟੋਗ੍ਰਾਫ਼ਿਕਸ, 240, ਇੰਡਸਟਰੀਅਲ ਏਰੀਆ ਫ਼ੇਜ਼-1 ਪੰਚਕੂਲਾ ਤੋਂ ਛਪਵਾ ਕੇ ਅਖੰਡ ਕੀਰਤਨੀ ਜਥੇ ਵਲੋਂ ਮਕਾਨ ਨੰਬਰ : 532, ਫ਼ੇਜ਼-3ਬੀ1, ਅਜੀਤਗੜ੍ਹ ਤੋਂ ਜਾਰੀ ਕੀਤਾ।

# ਚੇਤਿ ਗੋਵਿੰਦੁ ਅਰਾਧੀਐ

**ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥**
**ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥**
**ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥**
**ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥**
**ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥**
**ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥**
**ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥**
**ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥**
**ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥੨ ॥**
**(ਬਾਰਹਮਾਹਾ ਮਾਝ ਮਹਲਾ ੫)**

## ਅਰਥ

ਚੇਤ ਮਹੀਨੇ ਵਿਚ ਗੋਬਿੰਦ-ਵਾਹਿਗੁਰੂ ਨੂੰ ਸਿਮਰੀਏ ਤਾਂ ਬੜਾ ਹੀ ਆਤਮਿਕ ਅਨੰਦ ਮਿਲਦਾ ਹੈ। (ਇਸ ਆਤਮਿਕ ਅਨੰਦ ਦੀ ਦਾਤਿ) ਗੁਰਮੁਖਿ ਪਿਆਰੇ ਨਾਮ-ਰਸੀਏ ਉਤਮ ਪੁਰਖਾਂ ਦੀ ਸੰਗਤ ਵਿਚ, ਜੀਭਾ ਨਾਲ ਨਾਮ ਜਪ ਕੇ ਪਾਈਦੀ ਹੈ।

ਜਿਸ ਪ੍ਰਾਣੀ ਨੇ (ਨਾਮ ਜਪ-ਜਪ ਕੇ) ਆਪਣੇ ਵਾਹਿਗੁਰੂ (ਦਾ ਮਿਲਾਪ) ਪ੍ਰਾਪਤ ਕਰ ਲਿਆ ਹੈ, ਉਸੇ ਮਨੁੱਖ ਦਾ (ਸੰਸਾਰ 'ਤੇ) ਆਇਆ ਸਫ਼ਲ ਸਮਝੋ। ਪਰ ਤਿਸ ਵਾਹਿਗੁਰੂ (ਦੀ ਯਾਦ) ਤੋਂ ਬਿਨ੍ਹਾਂ ਇਕ ਖਿਨ ਮਾਤ੍ਰ ਵੀ ਜੋ ਜੀਣਾ ਹੈ, ਉਹ ਜਨਮ ਫ਼ਜ਼ੂਲ ਗਿਆ ਜਾਣੋ।

(ਵਾਹਿਗੁਰੂ) ਜਲ ਵਿਚ, ਧਰਤੀ ਵਿਚ, ਅਕਾਸ਼ ਵਿਚ ਤੇ ਜੰਗਲਾਂ ਵਿਚ, ਹਰ ਥਾਂ ਵੱਸ ਰਿਹਾ ਹੈ। (ਸਭ ਥਾਵਾਂ ਵਿਚ ਵੱਸ ਰਿਹਾ) ਅਜਿਹਾ ਵਾਹਿਗੁਰੂ ਜੇ ਹਿਰਦੇ ਵਿਚ ਚੇਤੇ ਨਹੀਂ ਆਉਂਦਾ ਤਾਂ ਕਿਤਨਾ ਦੁੱਖ ਦੱਸਿਆ ਜਾਏ ? ਭਾਵ, ਉਹ ਦੁੱਖ ਦੱਸਿਆ ਨਹੀਂ ਜਾ ਸਕਦਾ। ਜਿਹੜੀਆਂ ਗੁਰਮੁਖ-ਸੁਹਾਗਣਾਂ, ਨਾਮ ਰੱਤੀਆਂ ਜੀਵ-ਇਸਤ੍ਰੀਆਂ (ਸਭ ਥਾਈਂ ਵਿਆਪਕ ਪ੍ਰਭੂ ਨੂੰ ਜਾਣ ਕੇ) (ਤਿਸ ਨਾਲ ਇਕ-ਮਿਕ ਹੋ ਕੇ) ਉਸ ਦੇ ਸਿਮਰਨ ਦਾ ਰਸ ਮਾਣਦੀਆਂ ਹਨ, ਤਿਨ੍ਹਾਂ ਗੁਰਮੁਖੀਆਂ ਦਾ ਅਤਿ ਵੱਡਾ ਭਾਗ (ਜਾਗ ਪੈਂਦਾ) ਹੈ।

'ਨਾਨਕ' ਮੁਹਰ-ਛਾਪ ਹੇਠ ਸਤਿਗੁਰੂ ਜੀ ਜਾਚਨਾ ਕਰਦੇ ਹਨ ਕਿ ਮੇਰਾ ਮਨ ਹਰੀ ਪ੍ਰਭੂ ਵਾਹਿਗੁਰੂ ਜੀ ਦੇ ਦਰਸ਼ਨ ਨੂੰ ਤਾਂਘਦਾ ਹੈ ਅਤੇ ਮੇਰੇ ਮਨ ਵਿਚ ਪ੍ਰਭੂ ਮਿਲਣੇ ਦੀ ਪਿਆਸਾ ਲੱਗੀ ਹੋਈ ਹੈ। ਸੋ (ਜਿਹੜਾ ਗੁਰੂ-ਪਿਆਰਾ) ਮੈਨੂੰ ਪ੍ਰਭੂ ਨਾਲ ਮਿਲਾ ਦੇਵੇ, ਮੈਂ ਉਸ ਦੇ ਚਰਨਾਂ ਦੀ ਸੇਵਾ ਵਿਚ ਜੁੜ ਜਾਵਾਂਗਾ।

# ਹੋਲੇ ਮਹੱਲੇ ਦਾ ਆਸ਼ਾ

# ਉਦੇਸ਼ ਤੇ ਉਪਦੇਸ਼



ਹਰਿਨਾਮ ਰੰਗ-ਰਾਤੇ, ਮਹਾਬਲੀ ਜੋਧੇ, ਭਗਤ ਪ੍ਰਹਿਲਾਦ ਨੂੰ ਹਰਨਾਕਸ਼ ਦੀ ਕੋਈ ਤਾਕਤ ਵੀ ਨਾ ਝੁਕਾ ਸਕੀ ਅਤੇ ਨਾ ਹੀ ਭੈ-ਭੀਤ ਕਰ ਸਕੀ, ਉਹ ਨਾਮ ਦੇ ਮਜੀਠੀ ਰੰਗ ਵਿਚ ਰੰਗਿਆ ਅਡੋਲ ਰਿਹਾ। ਉਸ ਦਾ ਕਾਇਆ-ਰੂਪ ਚੋਲਾ ਨਾਮ ਦੇ ਮਜੀਠੀ ਰੰਗ ਵਿਚ ਰੰਗੀਜਿਆ ਪਿਆ ਸੀ। ਇਸ ਲਈ ਪ੍ਰਭੂ-ਕੰਤ ਉਸ ਦੇ ਪਾਸ ਸੀ, ਉਸ ਦੇ ਨਿਕਟ ਸੀ, ਉਸ ਦੇ ਅੰਗ-ਸੰਗ ਸੀ। ਫ਼ਿਰ ਉਸ ਨੂੰ ਭੈ ਕਾਹਦਾ ? ਹਰਨਾਕਸ਼ ਦੀ ਵਰ-ਪ੍ਰਾਪਤ ਭੈਣ ਹੋਲਿਕਾ ਨੇ ਉਸ ਨੂੰ ਝੋਲੀ ਵਿਚ ਬਿਠਾ ਕੇ ਅਗਨ-ਭੇਟ ਕਰਨਾ ਚਾਹਿਆ, ਪਰ **'ਜਲੇ ਨ ਡੂਬੈ ਗੁਰਪ੍ਰਸਾਦਿ'' ਅਤੇ ''ਪ੍ਰਹਲਾਦ ਕਾ ਰਾਖਾ ਹੋਇ ਰਘੁਰਾਇਆ ॥੩॥'' (ਭੈਰਉ ਮ. ੩, ਅੰਗ : ੧੧੩੩)**

ਪ੍ਰਹਿਲਾਦ ਅਗਨ-ਕੁੰਡ ਵਿਚੋਂ ਸਹੀ ਸਲਾਮਤ ਬਚ ਨਿਕਲਿਆ, ਪਰ ਸ਼ਿਵਜੀ ਤੋਂ ਵਰ ਪ੍ਰਾਪਤ ਹੋਈ ਹੋਲਿਕਾ ਸੁਆਹ ਦਾ ਢੇਰ ਬਣ ਗਈ। ਇਸੇ ਹੋਲਿਕਾ ਦੀ ਯਾਦ ਵਿਚ ਹਿੰਦੂ ਲੋਕ ਹੋਲੀਆਂ ਦੇ ਦਿਨਾਂ ਵਿਚ ਇਸ ਦੀ ਸੁਆਹ ਉਡਾਇਆ ਕਰਦੇ ਹਨ।

ਹੋਲੀਆਂ ਦਾ ਤਿਉਹਾਰ ਖੁੱਲ੍ਹੀ ਰੁੱਤ ਆਉਣ ਦੇ ਅਰੰਭ ਸਮੇਂ ਖ਼ੁਸ਼ੀਆਂ ਤੇ ਰੰਗਾਂ ਵਿਚ ਮਨਾਇਆ ਜਾਂਦਾ ਸੀ। ਇਕ-ਦੂਜੇ ਦੇ ਕੱਪੜੇ ਗੁਲਾਲ ਨਾਲ ਰੰਗਣੇ ਅਤੇ ਚਾਓ ਮਲ੍ਹਾਰਾਂ ਵਿਚ ਖੇਡਣ ਤੇ ਨੱਚਣ-ਕੁੱਦਣ ਵਿਚ ਖੁੱਲ੍ਹੀ ਰੁੱਤ ਦਾ ਆਉ ਭਗਤ ਕੀਤਾ ਜਾਂਦਾ ਸੀ। ਪਰ ਸਮੇਂ ਦੇ ਫੇਰ ਨਾਲ ਸਹਿਜੇ ਸਹਿਜੇ ਤਿਓਹਾਰਾਂ ਦੇ ਰੰਗ ਵਿਗੜਦੇ ਗਏ ਅਤੇ ਇਥੋਂ ਤੱਕ ਬੁਰੀ ਹਾਲਤ ਹੋ ਗਈ ਕਿ ਇਹ ਤਿਉਹਾਰ ਮਿੱਟੀ-ਘੱਟੇ ਤੇ ਕੋਲਿਆਂ ਦੀ ਰਾਖ ਉਡਾਉਣ ਤੋਂ ਵੱਧ ਕੇ ਗੰਦਗੀ ਉਛਾਲਣ ਤੱਕ ਪੁੱਜ ਗਿਆ। ਮਾਇਆ ਦੇ ਕੱਚੇ-ਕਸੁੰਭੇ ਰੰਗ ਵਿਚ ਭੁਲੀ ਲੋਕਾਈ ਪ੍ਰਭੂ ਨੂੰ ਭੁੱਲ ਗਈ।

ਮੇਰੇ ਰੰਗਲੇ ਪਾਤਸ਼ਾਹ ਕਲਗੀਧਰ ਪਿਤਾ ਜੀ ਨੇ ਆਚਰਣ ਦੀ ਇਸ ਗਿਰਾਵਟ ਤੋਂ ਆਪਣੇ ਸਿੱਖਾਂ ਨੂੰ ਬਚਾਉਣ ਲਈ ਹੋਲੇ-ਮਹੱਲੇ ਦਾ ਤਿਉਹਾਰ ਬਖਸ਼ਿਆ। ਸਿੰਘਾਂ ਨੂੰ ਇਕ ਪਾਸੇ ਤਾਂ ਨਾਮ ਦੇ ਚਲੂਲੇ ਰੰਗਾਂ ਵਿਚ ਰੰਗਿਆ ਅਤੇ ਦੂਜੇ ਪਾਸੇ ਬੀਰ-ਰਸ ਦੇ ਅਲੌਕਿਕ ਤਮਾਸ਼ਿਆਂ ਨਾਲ ਸਰਸ਼ਾਰ ਕੀਤਾ।

'ਸਚ-ਖੰਡ ਦੇ ਸਨਮੁਖ ਕਰਮ-ਖੰਡ' ਦੇ ਪੰਧਾਊਆਂ ਦੇ ਲੱਛਣ ਗੁਰੂ ਨਾਨਕ ਪਾਤਸ਼ਾਹ ਨੇ ਦੱਸੇ ਹਨ : **ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥ (ਜਪੁਜੀ, ਅੰਗ :੮)**

ਉਹ ਲੱਛਣ ਦਸਮੇਸ਼ ਪਿਤਾ ਜੀ ਨੇ ਆਪਣੇ ਗੁਰਸਿਖਾਂ ਵਿਚ ਸਾਮਰਤਖ ਕਰ ਵਿਖਾਏ ਅਤੇ ਆਪਣੇ ਗੁਰਸਿਖਾਂ ਨੂੰ ਕਿਹਾ :

**ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ ॥**
**ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ ॥**
**(ਸਿਰੀਰਾਗੁ ਮ.੪, ਅੰਗ : ੪੦)**

ਸਤਿਗੁਰ ਸੱਚੇ ਸਾਹਿਨਸ਼ਾਹ ਨੇ ਆਪਣੇ ਗੁਰਸਿਖਾਂ ਨੂੰ ਇਹ ਗੱਲ ਦ੍ਰਿੜ ਕਰਾਈ ਕਿ ਲਾਲ ਗੁਲਾਲ ਅਤੇ ਗੂੜ੍ਹੇ ਰੰਗ ਦਾ ਅਨੰਦ ਕੇਵਲ ਨਾਮ ਵਿਚ ਹੈ :

**ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥ (ਸਿਰੀ ਰਾਗ ਮ.੧, ਅੰਗ : ੧੮)**
**ਅਤੇ**
**ਮੇਰਾ ਪ੍ਰਭੁ ਰਾਂਗਿ ਘਣੌ ਅਤਿ ਰੂੜੌ ॥**
**ਦੀਨ ਦਇਆਲੁ ਪ੍ਰੀਤਮ ਮਨਮੋਹਨੁ ਅਤਿ ਰਸ ਲਾਲ ਸਗੂੜੌ ॥੧॥ ਰਹਾਉ ॥**
**(ਪ੍ਰਭਾਤੀ ਮ. ੧, ਅੰਗ : ੧੩੩੧)**

ਰੰਗ-ਰਤੜੇ ਸਾਹਿਬ ਨੇ ਗੁਰਸਿਖਾਂ ਨੂੰ ਪ੍ਰੇਰਿਆ ਅਤੇ ਹਰੇਕ ਅੰਦਰ ਇਹ ਹੂਕ ਪੈਦਾ ਕੀਤੀ :

**ਮੇਰੇ ਮਨ ਹਰਿ ਰਾਮ ਨਾਮਿ ਕਰਿ ਰੰਙੁ ॥ ( ਸੂਹੀ ਮ. ੪, ਅੰਗ : ੭੩੨)**
**ਅਤੇ**

ਮੇਰੇ ਰੰਗਲੇ ਪਾਤਸ਼ਾਹ ਕਲਗੀਧਰ ਪਿਤਾ ਜੀ ਨੇ ਆਚਰਣ ਦੀ ਇਸ ਗਿਰਾਵਟ ਤੋਂ ਆਪਣੇ ਸਿੱਖਾਂ ਨੂੰ ਬਚਾਉਣ ਲਈ ਹੋਲੇ-ਮਹੱਲੇ ਦਾ ਤਿਉਹਾਰ ਬਖਸ਼ਿਆ। ਸਿੰਘਾਂ ਨੂੰ ਇਕ ਪਾਸੇ ਤਾਂ ਨਾਮ ਦੇ ਚਲੂਲੇ ਰੰਗਾਂ ਵਿਚ ਰੰਗਿਆ ਅਤੇ ਦੂਜੇ ਪਾਸੇ ਬੀਰ-ਰਸ ਦੇ ਅਲੌਕਿਕ ਤਮਾਸ਼ਿਆਂ ਨਾਲ ਸਰਸ਼ਾਰ ਕੀਤਾ। ਅਨੰਦਪੁਰੀ ਵਿਚ ਇਸ ਤਰ੍ਹਾਂ ਦੇ ਨਾਮ-ਰੰਗਾਂ ਦੇ ਦੀਵਾਨ ਸਜਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਨੂੰ ਹੋਲੇ ਵਿਚ ਬਦਲ ਦਿੱਤਾ ਅਤੇ 'ਹੋਲੇ' ਦੇ ਨਾਲ 'ਮਹੱਲਾ' ਸ਼ਾਮਲ ਕਰਕੇ ਸਿੰਘਾਂ ਨੂੰ ਅਨੰਦੋ ਅਨੰਦ ਕਰ ਦਿੱਤਾ।



ਏ ਮਨ ਰੂੜ੍ਹੇ ਰੰਗੁਲੇ ਤੂੰ ਸਚਾ ਰੰਗੁ ਚੜਾਇ ॥

ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਇ ॥੧॥ ਰਹਾਉ ॥ (ਆਸਾ ਮ. ੩, ਅੰਗ : ੪੨੭)

ਜਿਹੜੇ ਵਡਭਾਗੀ ਗੁਰਸਿਖ ਨਾਮ ਦੇ ਲਾਲ ਰੰਗ ਵਿਚ ਰੰਗੀਜਦੇ ਹਨ ਉਨ੍ਹਾਂ ਦੀ ਇਹ ਅਵਸਥਾ ਹੋ ਨਿਬੜਦੀ ਹੈ :

ਰਤੇ ਰੰਗਿ ਪਾਰਬ੍ਰਹਮ ਕੈ ਮਨੁ ਤਨੁ ਅਤਿ ਗੁਲਾਲੁ ॥

ਨਾਨਕ ਵਿਣੁ ਨਾਵੈ ਆਲੂਦਿਆ ਜਿਤੀ ਹੋਰੁ ਖਿਆਲੁ ॥੩॥ (ਮ. ੫, ਅੰਗ :੧੦੯੭)

ਉਨ੍ਹਾਂ ਨੂੰ ਨਾਮ ਰੰਗ ਤੋਂ ਬਿਨਾਂ ਹੋਰ ਸਭ ਖ਼ਿਆਲ ਫ਼ਜ਼ੂਲ ਤੇ ਗੰਦੇ ਦਿਸਦੇ ਹਨ। ਉਹ ਤਾਂ ਆਪਣੀਆਂ ਸਤਸੰਗੀ-ਸਖੀਆਂ ਨਾਲ ਨਾਮ ਰੰਗ ਦੀ ਹੋਲੀ ਖੇਡਦਿਆਂ ਇਕ-ਦੂਜੇ ਨੂੰ ਵੇਖ-ਵੇਖ ਵਿਗਸਦੇ ਹਨ ਅਤੇ ਪ੍ਰਸੰਨ ਹੋ ਹੋ ਕੇ ਅਲਾਪਦੇ ਹਨ :

ਲਾਲਨੁ ਰਾਵਿਆ ਕਵਨ ਗਤੀ ਰੀ ॥

ਸਖੀ ਬਤਾਵਹੁ ਮੁਝਹਿ ਮਤੀ ਰੀ ॥੧॥ ਸੂਹਬ ਸੂਹਬ ਸੂਹਵੀ ॥

ਅਪਨੇ ਪ੍ਰੀਤਮ ਕੈ ਰੰਗਿ ਰਤੀ ॥੧॥ ਰਹਾਉ ॥ (ਸੂਹੀ ਮ. ੫, ਅੰਗ :੭੩੯)

ਅਤੇ

ਕਵਨ ਬਨੀ ਰੀ ਤੇਰੀ ਲਾਲੀ ॥

ਕਵਨ ਰੰਗਿ ਤੂੰ ਭਈ ਗੁਲਾਲੀ ॥੧॥ ਰਹਾਉ ॥ (ਅੰਗ : ੩੮੪)

ਅਨੰਦਪੁਰੀ ਵਿਚ ਇਸ ਤਰ੍ਹਾਂ ਦੇ ਨਾਮ-ਰੰਗਾਂ ਦੇ ਦੀਵਾਨ ਸਜਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਨੂੰ ਹੋਲੇ ਵਿਚ ਬਦਲ ਦਿੱਤਾ ਅਤੇ 'ਹੋਲੇ' ਦੇ ਨਾਲ 'ਮਹੱਲਾ' ਸ਼ਾਮਲ ਕਰਕੇ ਸਿੰਘਾਂ ਨੂੰ ਅਨੰਦੋ ਅਨੰਦ ਕਰ ਦਿੱਤਾ।

'ਹੋਲਾ-ਮਹੱਲਾ' ਸ਼ਬਦ ਦੀ ਵਿਆਖਿਆ ਭਾਈ ਕਾਨ੍ਹ ਸਿੰਘ ਜੀ ਨੇ 'ਮਹਾਨ ਕੋਸ਼' ਵਿਚ ਇਉਂ ਕੀਤੀ ਹੈ :

"ਹਮਲਾ ਅਤੇ ਜਾਯ ਹਮਲਾ। ਹੱਲਾ ਅਤੇ ਹੱਲੇ ਦੀ ਥਾਂ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਖ਼ਾਲਸੇ ਨੂੰ ਸ਼ਸਤ੍ਰ ਅਤੇ ਯੁਧ ਵਿਦਯਾ ਵਿਚ ਨਿਪੁੰਨ ਕਰਨ ਲਈ ਇਹ ਰੀਤਿ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੇ ਹੇਠ ਇਕ ਖ਼ਾਸ ਥਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗ਼ੀਧਰ ਆਪ ਇਸ ਮਸਨੂਈ ਜੰਗ ਦਾ ਕਰਤਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸਭ ਸਿਖਯਾ ਦੇਂਦੇ ਸੀ, ਅਰ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿਚ ਸਿਰੋਪਾ ਬਖ਼ਸ਼ਦੇ ਸਨ।"

ਅਨੰਦਪੁਰ ਸਾਹਿਬ ਦੇ ਕਿਲ੍ਹੇ ਹੋਲਗੜ੍ਹ ਵਿਖੇ ਦਸਮੇਸ਼ ਜੀ ਨੇ ਦੀਵਾਨ ਸਜਾ ਕੇ ਸੰਮਤ ੧੭੫੭ ਚੇਤਰ ੧ ਨੂੰ ਹੋਲਾ-ਮਹੱਲਾ ਖੇਡਣ ਦੀ ਇਹ ਰੀਤ ਚਲਾਈ। ਸੱਚੇ ਪਾਤਸ਼ਾਹ ਨੇ ਦੀਵਾਨ ਵਿਚ ਨਾਮ-ਰੰਗ ਬਖ਼ਸ਼ਿਆ ਅਤੇ 'ਮਹੱਲਾ' ਚੜ੍ਹਾ ਕੇ ਬੀਰ ਰਸ ਪ੍ਰਦਾਨ ਕੀਤਾ। ਇਉਂ ਖ਼ਾਲਸਾ ਜੀ ਨੂੰ ਪੂਰਨ ਸੰਤ-ਸਿਪਾਹੀ ਬਣਾ ਕੇ ਮੁਕੰਮਲ ਕੀਤਾ।

---------------

ਸੱਚਾ ਸੁੱਚਾ ਬੀਰ ਰਸ ਨਾਮ-ਰੰਗ ਤੋਂ ਬਿਨਾਂ ਉਪਜ ਹੀ ਨਹੀਂ ਸਕਦਾ। ਜਪੁਜੀ ਦੇ ਕਰਮਖੰਡ ਵਿਚ ਨਿਰੰਕਾਰੀ ਪਿਤਾ ਜੀ ਨੇ ਇਸ ਦਾ ਸਪੱਸ਼ਟ ਨਿਰਣਾ ਕੀਤਾ :

ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥ (ਜਪੁਜੀ, ਅੰਗ : ੮)

ਨਾਮ ਤੋਂ ਥੋਥਾ ਬੀਰ ਰਸ ਨਿਰਾ ਅਹੰਕਾਰ ਦੀਆਂ ਪੰਡਾਂ ਬੰਨ੍ਹਣੀਆਂ ਹਨ। ਗੁਰੂ ਅਮਰਦਾਸ ਜੀ ਨੇ ਸੂਹੀ ਰਾਗ ਦੀ ਵਾਰ ਵਿਚ ਕਿੰਨੇ ਤਾੜਵੇਂ ਲਫ਼ਜ਼ਾਂ ਵਿਚ ਬਲੀ ਜੋਧਿਆਂ ਨੂੰ ਇਸ ਤੋਂ ਬਚਣ ਦੀ ਹਦਾਇਤ ਕੀਤੀ ਹੈ :

ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥ (ਸਲੋਕ ਮ.੩, ਅੰਗ : ੮੬)

ਅਹੰਕਾਰ ਭਰਿਆ ਬੀਰ ਰਸ ਕਿਸੇ ਦਾ ਕੁਝ ਸੁਆਰ ਨਹੀਂ ਸਕਦਾ, ਸਗੋਂ ਉਹ ਦੀਨਾਂ ਦੁਖੀਆਂ ਤੇ ਗਰੀਬਾਂ ਲਈ ਦੁਖਦਾਈ ਹੁੰਦਾ ਹੈ। ਇਹੋ ਹੰਕਾਰੀ ਬੀਰ ਰਸ ਹੀ ਸੀ ਜਿਸ ਦੇ ਮਦ ਵਿਚ ਅਹਿਮਦ ਸ਼ਾਹ ਅਬਦਾਲੀ ਸਾਲਾਂ-ਬੱਧੀ ਭਾਰਤ ਦੀਆਂ ਅਬਲਾਵਾਂ ਦੀ ਆਬਰੂ ਲੁੱਟਦਾ ਰਿਹਾ, ਪਰ ਦੂਜੇ ਪਾਸੇ ਨਾਮ-ਰੰਗ-ਰੱਤਾ ਸੰਤ ਸਿਪਾਹੀ ਖ਼ਾਲਸਾ ਜੀ ਉਨ੍ਹਾਂ ਦੁਖੀ ਅਬਲਾਵਾਂ ਨੂੰ ਜਰਵਾਣਿਆਂ ਤੋਂ ਵਾਪਸ ਲੈਂਦਾ ਤੇ ਉਨ੍ਹਾਂ ਦੇ ਘਰਾਂ ਵਿਚ

ਪਹੁੰਚਾਉਣ ਦੀ ਪਰਉਪਕਾਰੀ ਕਾਰ ਕਮਾਉਂਦਾ ਰਿਹਾ। ਸੋ ਖ਼ਾਲਸਾ ਜੀ ਨੂੰ ਬੀਰ ਰਸ ਦੇ ਨਾਲ ਨਾਲ ਨਾਮ-ਰੰਗ ਦੀਆਂ ਖੇਡਾਂ ਖੇਡਣ ਦੀ ਵੀ ਬਾਰ-ਬਾਰ ਹਦਾਇਤ ਮਿਲਦੀ ਰਹਿੰਦੀ ਹੈ ਅਤੇ ਅਸਲ 'ਖ਼ਾਲਸਾ' ਹੋਣ ਦੀ ਗੁਰਬਾਣੀ ਅੰਦਰ ਇਉਂ ਸੇਧ ਮਿਲਦੀ ਹੈ :

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥**

**ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥**

**ਠਾਕੁਰੁ ਗਾਈਐ ਆਤਮ ਰੰਗਿ ॥**

**ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ ॥੧॥ ਰਹਾਉ ॥**

**ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥**

**ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥੨॥੪॥੩੫॥**

**(ਧਨਾਸਰੀ ਮ. ੫, ਅੰਗ : ੬੭੯-੮੦)**

ਖ਼ਾਲਸਾ ਨਾਮ-ਰੰਗ ਰਤਾ ਅਤੇ ਬੀਰ-ਸਿਪਾਹੀ ਹੁੰਦਿਆਂ ਵੀ ਹਉਮੈ-ਅਹੰਕਾਰ ਤੋਂ ਰਹਿਤ ਹੁੰਦਾ ਹੈ। ਉਹ ਨਿਰਮਾਣ ਤੇ ਚਰਨਾਂ ਦੀ ਧੂੜ ਬਣ ਕੇ ਵਿਚਰਦਾ ਹੈ। ਉਹ ਕਿਸੇ ਨੂੰ ਆਪਣਾ ਆਪ ਜਣਾਉਂਦਾ ਨਹੀਂ ਅਤੇ ਨਾ ਹੀ ਕਿਸੇ ਦਾ ਦਿਲ ਦੁਖਾਉਂਦਾ ਹੈ, ਪਰ ਜੇ ਕੋਈ ਮੁਸੀਬਤ-ਜਦਾ ਜ਼ਾਲਮ-ਜਰਵਾਣਿਆਂ ਦੀ ਬੰਦੀ ਵਿਚ ਚਿਚਲਾ ਰਿਹਾ ਹੋਵੇ ਤਾਂ ਉਸ ਦਾ ਬੀਰ-ਰਸ ਅਕਾਸ਼ਾਂ ਨੂੰ ਚੀਰ ਜਾਣ ਦੀ ਸਮਰੱਥਾ ਰੱਖਦਾ ਹੈ।

ਖ਼ਾਲਸਾ ਨਾਮ-ਰੰਗ ਰਤਾ ਅਤੇ ਬੀਰ-ਸਿਪਾਹੀ ਹੁੰਦਿਆਂ ਵੀ ਹਉਮੈ-ਅਹੰਕਾਰ ਤੋਂ ਰਹਿਤ ਹੁੰਦਾ ਹੈ। ਉਹ ਨਿਰਮਾਣ ਤੇ ਚਰਨਾਂ ਦੀ ਧੂੜ ਬਣ ਕੇ ਵਿਚਰਦਾ ਹੈ। ਉਹ ਕਿਸੇ ਨੂੰ ਆਪਣਾ ਆਪ ਜਣਾਉਂਦਾ ਨਹੀਂ ਅਤੇ ਨਾ ਹੀ ਕਿਸੇ ਦਾ ਦਿਲ ਦੁਖਾਉਂਦਾ ਹੈ, ਪਰ ਜੇ ਕੋਈ ਮੁਸੀਬਤ-ਜਦਾ ਜ਼ਾਲਮ-ਜਰਵਾਣਿਆਂ ਦੀ ਬੰਦੀ ਵਿਚ ਚਿਚਲਾ ਰਿਹਾ ਹੋਵੇ ਤਾਂ ਉਸ ਦਾ ਬੀਰ-ਰਸ ਅਕਾਸ਼ਾਂ ਨੂੰ ਚੀਰ ਜਾਣ ਦੀ ਸਮਰੱਥਾ ਰੱਖਦਾ ਹੈ।

ਅਜਿਹੀ ਅਰੂੜ ਅਵਸਥਾ ਦੇ ਪੰਧਾਊ, ਨਾਮ-ਚਲੂਲੇ ਰੰਗਾਂ ਵਿਚ ਵਿਚਰ ਰਹੇ ਭਾਈ ਸਰਵਣ ਸਿੰਘ ਫਲੇਵਾਲ ਦੀ ਇਕ ਘਟਨਾ 'ਰੰਗਲੇ ਸੱਜਣ' ਪੁਸਤਕ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਇਉਂ ਲਿਖਦੇ ਹਨ :

**ਅੰਬਾਲੇ ਸਟੇਸ਼ਨ ਦਾ ਕੌਤਕ**

ਇਕ ਵਾਰ ਅਸੀਂ ਜਥੇ ਸਮੇਤ, ਸਣੇ ਭਾਈ ਸਰਵਣ ਸਿੰਘ ਜੀ ਦੇ ਅੰਬਾਲੇ ਛਾਉਣੀ ਨੂੰ ਸਿਰੀ ਬਾਊ ਮਲ ਸਿੰਘ ਅਤੇ ਪਿਆਰਾ ਸਿੰਘ ਜੀ ਦੇ ਪਿਆਰੇ ਪਿਆਰੇ ਦਰਸ਼ਨਾਂ ਨੂੰ ਜਾ ਰਹੇ ਸਾਂ। ਅੰਬਾਲੇ ਦੇ ਸਟੇਸ਼ਨ 'ਤੇ ਪੁੱਜੇ ਤਾਂ ਉਥੇ ਹੋਰ ਬਹੁਤ ਸਾਰੇ ਸੱਜਣ ਤਾਂ ਹੋਰ ਰੁਝਣੀ ਰੁਝ ਗਏ, ਭਾਈ ਸਰਵਣ ਸਿੰਘ ਜੀ ਇਕੱਲੇ ਸਮਾਧ-ਸਥਿਤ ਖਲੋਤੇ ਹੀ ਰਹਿ ਗਏ, ਜਿਥੇ ਕਿ ਰੇਲ-ਗੱਡੀ ਆਈ 'ਤੇ ਟਿਕਟ ਮਿਲਿਆ ਕਰਦੇ ਸਨ। ਜਦੋਂ ਉਹ ਖਲੋਤੇ ਸਨ ਉਥੇ ਕੋਈ ਆਦਮੀ ਨਹੀਂ ਸੀ। ਅਸੀਂ ਜ਼ਰਾ ਕੁ ਦੁਰੇਡੇ ਛਾਉਣੀ ਨੂੰ ਪੈਦਲ ਜਾਣ ਦੀ ਤਿਆਰੀ ਵਿਚ ਰੁਝੇ ਹੋਏ ਸੀ। ਇਤਨੇ ਨੂੰ ਗੱਡੀ ਕਿਸੇ ਪਾਸਿਉਂ ਆ ਗਈ ਅਤੇ ਟਿਕਟ ਵਿਕਣ ਲਗ ਪਏ। ਉਥੇ ਖ਼ਾਸਾ ਇਕੱਠ ਹੋ ਗਿਆ, ਟਿਕਟ ਖ਼ਰੀਦਣ ਵਾਲਿਆਂ ਦਾ। ਪੁਲਸ ਦਾ ਇਕ ਹੱਟਾ-ਕੱਟਾ ਸਿਪਾਹੀ ਆਪਣੀ ਡੀਊਟੀ 'ਤੇ ਉਥੇ ਆ ਗਿਆ। ਪਰ ਭਾਈ ਸਰਵਣ ਸਿੰਘ ਜੀ ਨੂੰ ਕੋਈ ਪਤਾ ਨਹੀਂ ਕਿ ਕੌਣ ਆਇਆ ਤੇ ਕੌਣ ਗਿਆ ਹੈ। ਉਹ ਸਮਾਧ-ਸਥਿਤ ਇਕੋ ਹੀ ਜਗ੍ਹਾ 'ਤੇ ਟਿਕੇ ਰਹੇ। ਪੁਲਸ ਦੇ ਸਿਪਾਹੀ ਨੇ ਬੁਤ ਵਾਂਗ ਅਹਿਲ ਖਲੋਤੇ ਭਾਈ ਸਰਵਣ ਸਿੰਘ ਜੀ ਨੂੰ ਦੋ ਚਾਰ ਵਾਰ ਹਲੂਣਿਆਂ ਤੇ ਬੁਲਾਇਆ, ਪਰ ਉਹ ਬੋਲੇ ਕੁਸਕੇ ਨਹੀਂ। ਕ੍ਰੋਧ-ਆਤਰ ਹੋ ਕੇ ਸਿਪਾਹੀ ਨੇ ਵੱਟ ਕੇ ਚਪੇੜ ਮਾਰੀ ਭਾਈ ਜੀ ਦੇ ਮੁਖਾਰਬਿੰਦ 'ਤੇ। ਭਾਈ ਸਰਵਣ ਸਿੰਘ ਜੀ ਨੇ ਜਦ ਅੱਖ ਉਘੜੀ ਤਾਂ ਸਿਪਾਹੀ ਨੇ ਡਾਂਟ ਕੇ ਆਖਿਆ, "ਤੈਨੂੰ ਪਤਾ ਨਹੀਂ ਏਥੇ ਟਿਕਟ ਬਟਦੇ ਹਨ? ਤੈਨੂੰ ਕਈ ਵਾਰ ਬੁਲਾਇਆ ਤੇ ਕਿਹਾ ਹੈ ਕਿ ਇਥੇ ਟਿਕਟ ਬਟਦੇ ਹਨ, ਇਸ ਜਗ੍ਹਾ ਖਲੋਣ ਦਾ ਹੁਕਮ ਨਹੀਂ। ਹੁਣ ਚਪੇੜ ਮਾਰੀ ਤੇ ਸੁਚੇਤ ਹੋਇਆ ਹੀ ਹੈਂ ਜੇ ਪਹਿਲਾਂ ਹੀ ਹੋ ਜਾਂਦਾ?"

ਭਾਈ ਸਰਵਣ ਸਿੰਘ ਜੀ ਨੂੰ ਇਸ ਚਪੇੜ ਮਾਰਨ ਦਾ ਰੰਚਕ ਭੀ ਰੋਸ-ਗੁੱਸਾ ਨਹੀਂ ਆਇਆ। ਉਲਟੇ ਉਸ ਸਿਪਾਹੀ ਦੇ ਧੜੰਮ ਦੇ ਕੇ ਪੈਰਾਂ 'ਤੇ ਡਿੱਗ ਪਏ ਅਤੇ ਆਖਿਆ, "ਭਾਈ, ਮੈਥੋਂ ਭੁਲ ਹੋ ਗਈ ਹੈ।"...

ਤਿਸ ਪਰ ਪਾਸ ਖਲੋਤਾ ਇਕ ਆਰੀਆ ਮਹਾਸ਼ਾ ਇਉਂ ਝੁੰਝਲਾ ਉਠਿਆ ਕਿ ਇਸ ਸਿੱਖ ਨੇ ਡਰਦੇ ਮਾਰੇ ਨੇ ਸਿਪਾਹੀ ਦੇ ਪੈਰ ਫੜੇ ਹਨ। ਕਮਜ਼ੋਰ ਸੀ, ਕਮਜ਼ੋਰੀ ਦੇ ਕਾਰਨ ਉਸ ਦੇ ਅਗੇ ਹੀਣਾ-ਛੀਣਾ ਹੋ ਗਿਆ। ਅਸੀਂ ਆਖਿਆ ਏਵੇਂ ਹੀ ਸਹੀ-ਤੇਰੀ ਅਕਲ ਏਵੇਂ ਹੀ ਕੰਮ ਕਰਦੀ ਹੈ। ਅਸੀਂ ਤੇਰੇ ਨਾਲ ਝਗੜਨਾ ਥੋੜਾ ਹੈ। ਇਹ ਗੱਲ ਕਹਿ ਕੇ ਸਾਰਾ ਜਥਾ ਭਾਈ ਸਰਵਣ ਸਿੰਘ ਜੀ ਨੂੰ ਲੈ ਕੇ ਅੰਬਾਲਾ ਛਾਉਣੀ ਦੇ ਰਸਤੇ ਵਲ ਤੁਰ ਪਏ। ਗੁਰੂ ਕੀ ਨੇਤ ਐਸੀ ਹੋਈ ਕਿ ਉਸ ਮਹਾਸ਼ਾ ਜਨ ਨੇ ਭੀ ਸਦਰ ਬਾਜ਼ਾਰ ਛਾਉਣੀ ਜਾਣਾ ਸੀ। ਉਹ ਵੀ ਸਾਡੇ ਨਾਲ ਹੋ ਗਿਆ। ਰਸਤੇ ਵਿਚ ਜਾਂਦੇ ਜਾਂਦੇ ਅਧਵਾਟੇ ਰਹਿਰਾਸ ਸਾਹਿਬ ਦਾ ਸਮਾਂ ਹੋ ਗਿਆ। ਪਾਸ ਹੀ ਕੂੰਆਂ ਸੀ। ਉਥੇ ਹੀ ਪੰਜ-ਇਸ਼ਨਾਨ ਕਰਕੇ ਰਹਿਰਾਸ ਸਾਹਿਬ ਦਾ ਪਾਠ ਕਰਕੇ ਅੱਗੇ ਜਾਣਾ ਮਿਥਿਆ। ਅਸੀਂ ਮੈਦਾਨ ਵੀ ਜਾਣਾ ਸੀ। ਪਾਸ ਹੀ ਗੂੜ੍ਹੇ ਬ੍ਰਿਛਾਂ ਦੀ ਇਕ ਝਿੜੀ ਸੀ। ਮੈਂ ਤੇ ਭਾਈ ਸਰਵਣ ਸਿੰਘ ਜੀ ਉਸ ਝਿੜੀ ਵਿਚ ਮੈਦਾਨ ਹੋਣ ਲਈ ਗਏ। ਭਾਈ ਜੀ ਤਾਂ ਧੁਸਦੇ ਧੁਸਦੇ ਅਗਾਂਹ ਦੁਰੇਡੇ ਚਲੇ ਗਏ। ਮੈਂ ਉਰੇਡੇ ਹੀ ਰਹਿ ਗਿਆ ਅਤੇ ਮੈਦਾਨ ਹੋਣ ਬਹਿ ਗਿਆ। ਮੈਦਾਨ ਹੋ ਕੇ ਅਜੇ ਹੱਥ ਹੀ ਧੋਤੇ ਸਨ ਕਿ ਇਕ ਅਬਲਾ ਦੇ ਰੋਣ ਦੀ ਅਤੇ ਚੀਖ਼ ਪੁਕਾਰ ਕਰਨ ਦੀ ਆਵਾਜ਼ ਕੰਨੀ ਪਈ। ਭਾਈ ਜੀ ਉਸ ਅਵਾਜ਼-ਅਸਥਾਨ ਦੇ ਨੇੜੇ ਹੀ ਢੁਕ ਚੁਕੇ ਸਨ। ਉਕਤ ਚੀਖ਼ ਪੁਕਾਰਨੀ ਆਵਾਜ਼ ਸੁਣ ਕੇ ਉਹ ਝਟ ਹੀ ਉਥੇ ਪਹੁੰਚ ਗਏ ਇਕੱਲੇ ਹੀ। ਅਗੇ ਕੀ ਦੇਖਦੇ ਹਨ ਕਿ ਚਾਰ ਮੁਸ਼ਟੰਡੇ ਸ਼ਰਾਬੀ ਗੋਰੇ ਸਿਪਾਹੀ ਇਕ ਲਕੜਹਾਰੀ (ਲਕੜਾਂ ਚੁੱਕਣ ਵਾਲੀ) ਲੜਕੀ ਨੂੰ ਉਸ ਦੀ ਇੱਜ਼ਤ ਖ਼ਰਾਬ ਕਰਨ ਲਈ ਉਸ ਨੂੰ ਦਬਾਈ ਪਏ ਹਨ। ਭਾਈ ਸਰਵਣ ਸਿੰਘ ਜੀ ਨੇ ਹੀਲ ਹੁਜਤ ਕੀਤੇ ਬਿਨਾਂ ਹੀ ਉਨ੍ਹਾਂ ਚੌਹਾਂ ਸਿਪਾਹੀਆਂ ਪਾਸੋਂ 'ਬਲਮ' ਖੋਹ ਲਏ ਅਤੇ ਉਨ੍ਹਾਂ ਚੌਹਾਂ ਨੂੰ ਐਸਾ ਕੁਟਿਆ ਕਿ ਕੁਟ ਕੁਟ ਕੇ ਲੰਮੇ ਪਾ ਦਿੱਤੇ ਅਤੇ ਨਰੜ ਕੇ ਲਾਗੇ ਖੜੇ ਟਾਂਗੇ 'ਤੇ ਲੱਦ ਦਿੱਤੇ। ਇਤਨੇ ਨੂੰ ਮੈਂ ਭੀ ਇਥੇ ਪਹੁੰਚ ਗਿਆ। ਇਹ ਨਜ਼ਾਰਾ ਦੇਖ ਕੇ ਮੈਂ ਪਿਛਲੇ ਸਾਰਿਆਂ ਸਜਣਾਂ ਨੂੰ ਅਵਾਜ਼ਾਂ ਦੇ ਕੇ ਨਾਲ ਬੁਲਾ ਲਿਆ। ਉਹ ਮਹਾਸ਼ਾਗਣ ਵੀ ਨਾਲ ਹੀ ਆਇਆ, ਤਾਂ ਉਸ ਨੂੰ ਇਹ ਨਜ਼ਾਰਾ ਦਿਖਾਇਆ ਕਿ ਦੇਖੋ ਸਵਾ ਲਖ ਸੂਰਮੇ ਦਾ ਇਹ ਕਰਤਵ।

ਉਪਰੋਕਤ ਵਾਰਤਾ ਇਸ ਵੀਹਵੀਂ ਸਦੀ ਦੀ ਹੀ ਘਟਨਾ ਹੈ, ਜਿਸ ਵਿਚੋਂ ਇਕੋ ਵਕਤ ਨਾਮ-ਰੰਗ ਅਤੇ ਬੀਰ-ਰਸ ਦੇ ਅਲੌਕਿਕ ਚਮਤਕਾਰ ਪਰਗਟ ਪਹਾਰੇ ਹਨ। ਇਹ ਹੈ ਹੋਲੇ-ਮੱਹਲੇ ਦੀ ਸਹੀ ਸਪਿਰਿਟ। ▪▪

# ਸ੍ਰੀ ਦਸਮੇਸ਼ ਪੂਰਨੇ



ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ

ਆਮ ਨੇਤਾਵਾਂ ਦਾ ਇਹ ਖ਼ਿਆਲ ਉਕਾ ਹੀ ਗ਼ਲਤ ਹੈ ਕਿ ਗੁਰੂ ਸਾਹਿਬ ਸ੍ਰੀ ਦਸਮੇਸ਼ ਜੀ ਕੇਵਲ ਤੁਰਕਾਂ ਦੇ ਹੀ ਵੈਰੀ ਸਨ। ਹਰਗਿਜ਼ ਨਹੀਂ। ਗੁਰੂ ਸਾਹਿਬ ਤਾਂ ਪਾਪ ਅਤੇ ਜ਼ੁਲਮ ਦੇ ਵਿਰੋਧੀ ਸਨ। ਜ਼ਾਤ ਪਾਤ ਕਰਕੇ ਕਿਸੇ ਨਾਲ ਵੈਰ-ਵਿਰੋਧ ਨਹੀਂ ਕਮਾਇਆ। ਸਭਨਾਂ ਨੂੰ ਹੀ ਸਿੱਧੇ ਰਸਤੇ ਲਿਆਵਣ ਦੇ ਅਭਿਲਾਖੀ ਸਨ। ਸਭਨਾਂ ਕਪੁੱਠੇ ਮਾਰਗ ਪਏ ਹੋਇਆਂ ਬੰਦਿਆਂ ਦੇ ਸੋਧਕ ਸਨ। ਸੋਈ ਸਮਤੀ ਗੁਰੂ ਦਸਮੇਸ਼ ਜੀ ਨੇ ਆਪਣੇ ਸਾਜੇ ਨਿਵਾਜੇ ਖ਼ਾਲਸਾ ਜੀ ਨੂੰ ਨਦਰੀ ਨਦਰ ਨਿਹਾਲ ਹੋ ਕੇ ਬਖ਼ਸ਼ੀ ਕਿ ਕਿਸੇ ਇਕ ਜ਼ਾਤ ਕੌਮ ਦਾ ਘਾਤ ਨਹੀਂ ਕਰਨਾ, ਪਰੰਤੂ ਪਾਪਿਸ਼ਟ ਕਰਮੀ ਭਾਵੇਂ ਕੋਈ ਜ਼ਾਤੀ ਅਤੇ ਕੋਈ ਫ਼ਿਰਕਾ ਹੋਵੇ, ਦੋਹਾਂ ਨੂੰ ਸੁਮੱਤੇ ਲਾਉਣਾ ਹੈ।

ਪ੍ਰਮਾਰਥ ਸੰਬੰਧੀ ਧਾਰਮਕ ਕੁਰਬਾਨੀ ਦੇ ਜੋ ਪੂਰਨੇ ਸ੍ਰੀ ਦਸਮੇਸ਼ ਗੁਰੂ ਪਾਤਸ਼ਾਹ ਨੇ ਪਾਏ ਹਨ, ਉਹ ਅੱਜ ਤਾਈਂ ਕਿਸੇ ਧਾਰਮਕ ਆਗੂ ਨੇ ਯਾ ਕਿਸੇ ਰੀਫ਼ਾਰਮਰ ਨੇ ਨਹੀਂ ਪਾਏ, ਨਾ ਪਾਉਣੇ ਹਨ।

ਪਹਿਲਾ ਪੂਰਨਾ ਸੱਚੀ ਅਤੇ ਸੁੱਚੀ ਨਿਰਭੈਤਾ ਦਾ ਹੈ। ਅੱਠ ਸਾਲ ਦੀ ਛੋਟੀ ਉਮਰ ਵਿਚ ਹੀ ਅਤਿ ਨਿਰਭੈ ਹੋ ਕੇ ਪਿਤਾ ਜੀ ਨੂੰ ਮਜ਼ਲੂਮਾਂ ਨਮਿਤ ਕੁਰਬਾਨੀ ਦੀ ਪ੍ਰੇਰਨਾ ਕਰਨੀ ਸੱਚੀ ਨਿਰਭੈਤਾ ਦੀ ਸਪਿਰਿਟ ਦਾ ਲਖਾਇਕ ਹੈ। ਪਿਤਾ ਜੀ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਹੋਣਹਾਰ ਗੁਰੂ ਗੋਬਿੰਦ ਸਿੰਘ ਜੀ ਅੰਦਰ ਨਿਰਭੈਤਾ ਵਾਲੀ ਸੱਚੀ ਸਪਿਰਿਟ ਦੇਖ ਕੇ ਮਜ਼ਲੂਮਾਂ ਨਮਿਤ ਨਿਸ਼ਕਾਮਤਾ ਸਹਿਤ ਕੁਰਬਾਨ ਹੋਣ ਦੀ ਠਾਣੀ ਤਾਂ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਨਿਰਭੈਤਾ ਵਾਲੀ ਸਪਿਰਿਟ ਦੇਖ ਕੇ ਹੀ ਠਾਣੀ।

ਦੂਜੀ ਨਿਰਭੈਤਾ ਵਾਲੀ ਸਪਿਰਿਟ ਸ੍ਰੀ ਗੁਰੂ ਦਸਮੇਸ਼ ਜੀ ਨੇ ਗੁਰਤਾ ਦੀ ਗੱਦੀ ਸਾਂਭਣ ਸਾਰ ਹੀ ਦਿਖਾਈ। ਸੱਚੀ ਸੂਰਬੀਰਤਾ ਦੀ ਸਪਿਰਿਟ ਨਾ ਸਿਰਫ਼ ਆਪਣੇ ਅੰਦਰ ਹੀ ਭਰ ਕੇ ਦਰਸਾਈ, ਬਲਕਿ ਸਾਰੇ ਪੰਥ ਅੰਦਰ ਭੀ ਇਹੋ ਸਪਿਰਿਟ ਭਰੀ। ਅੰਤਰਿ ਆਤਮੇ ਨਾਮ ਦਾ ਖੰਡਾ ਬਾ-ਦਸਤੂਰ ਖੜਕਾਉਣਾ ਅਤੇ ਖੜਕਾਉਂਦੇ ਹੋਏ, ਧਰਮ ਯੁੱਧ ਹਿਤ ਖੜਗੇਸ਼ੀ ਖੰਡਾ ਖੜਕਾਉਣ ਦੀ ਇਸ ਬਿਧਿ ਪ੍ਰੇਰਨਾ ਕੀਤੀ। ਯਥਾ :

ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ ॥

ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵਸਾਗਰ ਤਾਰੈ ॥

ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉ ਉਜੀਆਰੈ ॥

ਗਯਾਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ ॥

(ਦਸਮ ਗ੍ਰੰਥ, ਕ੍ਰਿਸ਼ਨਾ ਅਵਤਾਰ)

ਹਾਂ ਜੀ! ਇਸ ਬਿਧਿ ਨਿਰਭੈਤਾ ਵਾਲੇ ਸੱਚੇ ਪ੍ਰਮਾਰਥੀ ਪੂਰਨਿਆਂ ਨੂੰ ਦਰਸਾਇ ਕੇ, ਸਾਰੇ ਪੰਥ ਨੂੰ ਉਭਾਰਿਆ ਵੰਗਾਰਿਆ। ਚਿਤ ਅੰਦਰਿ ਜੁੱਧ ਕਰਨ ਦਾ ਜੋਸ਼ ਚਿਤਾਰ ਕੇ ਵੀ ਮੁਖੋਂ ਨਾਮ ਦਾ ਸੱਚਾ ਖੜਗੇਸ਼ੀ-ਖੰਡਾ ਭੀ ਨਾਲੋ ਨਾਲ ਖੜਕਾਈ ਜਾਣਾ ਲਾਜ਼ਮੀ ਹੈ। ਇਸ ਬਿਧਿ, ਕੇਵਲ ਏਸੇ ਬਿਧਿ ਹੀ ਸਫ਼ਲਤਾ ਹੋ ਸਕਦੀ ਹੈ।

"ਦੇਹ ਅਨਿੱਤ ਨ ਨਿੱਤ ਰਹੈ" ਦੀ ਸੱਚੀ ਸੂਰਮਤਾਈ ਦੀ ਜੰਗੀ ਸਪਿਰਿਟ, ਆਪਣੇ ਅਤਿ ਛੋਟੀ ਉਮਰ ਵਾਲੇ ਸਾਹਿਬਜ਼ਾਦਿਆਂ ਅੰਦਰ ਐਸੀ ਭਰੀ ਕਿ ਉਹ ਨਿਰਭੈ ਹੋ ਕੇ ਐਸੇ ਜੂਝੇ ਕਿ ਰੰਚਕ ਮਾਤਰ ਭੀ ਆਪਣੀ ਜ਼ਿੰਦਗੀ ਨਾਲ ਪਿਆਰ ਨਹੀਂ ਪਾਇਆ। ਅਮਲੀ ਤੌਰ 'ਤੇ ਇਹ ਮਿਸਾਲ ਕਾਇਮ ਕਰਕੇ ਦਿਖਾਈ ਕਿ ਬਪੜੀ ਚਾਰ-ਦਿਹਾੜੇ-ਰਹਿਣ-ਵਾਲੀ-ਦੇਹੀ ਦਾ ਰੰਚਕ ਖ਼ਿਆਲ ਨਾ ਰਖਦੇ, ਨਿਸ਼ਕਾਮਤਾ ਸਹਿਤ ਬਲੀਦਾਨ ਹੋਏ। ਜਨਮਨ ਸਾਰ ਹੀ ਸਾਹਿਬਜ਼ਾਦਿਆਂ ਦੇ ਦਿਲ ਦਿਮਾਗ਼ ਅੰਦਰਿ ਸੱਚੜੇ ਨਾਮ ਅਭਿਆਸ ਦਾ ਮਾਦਾ ਐਸਾ ਕੁੱਟ-ਕੁੱਟ ਕੇ ਭਰਿਆ ਕਿ ਜਿਸ ਦੇ ਤੁਫ਼ੈਲ ਮਰਨ ਦੀ ਚਿੰਤਾ ਤੇ ਜੀਵਨ ਦੀ ਲਾਲਸਾ ਹੀ ਬਿਨਸ ਗਈ। "ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ"(ਸਿਰੀ ਰਾਗੁ ਮ.੧, ਅੰਗ : ੨੦) ਦੇ ਗੁਰਵਾਕ ਭਾਵ ਵਾਲੇ ਅਮਲੀ ਪੂਰਨੇ ਪਾ ਕੇ ਦਿਖਾਏ। ਸੱਚ ਮੁੱਚ ਇਹ ਅਮਲੀ ਪੂਰਨਿਆਂ ਵਾਲਾ ਸੱਚੜਾ ਰਸ ਹਿਰਦੇ ਅੰਦਰ ਵਸਿਆ ਰਸਿਆ ਹੋਵੇ, ਸੱਚੀ ਨਿਰਭੈਤਾ ਹੀ ਏਸੇ ਰਸ ਅੰਦਰ ਹੈ। ਜੋ ਏਸ ਰਸ ਤੋਂ ਸ਼ੂਨ ਹਨ ਉਹ ਨਿਰੀ ਲੌਕਿਕ ਵਡਿਆਈ ਦੇ ਕਾਰਨ ਹੰਕਾਰੇ ਰਹਿੰਦੇ ਹਨ। ਕਿਸੇ ਲੇਖੇ ਵੀ ਨਹੀਂ ਪੈਂਦੇ ਤਿਨ੍ਹਾਂ ਦੇ ਅਮਲ (ਕਰਮ)।

ਧਰਮ ਹੇਤ ਉਹ ਸੱਚੀ ਨਿਰਭੈਤਾ ਨਿਸ਼ਕਾਮਤਾ ਵਾਲੀ ਸਪਿਰਿਟ ਸਹਿਤ ਸੰਪੂਰਤ ਹੋ ਕੇ ਸੱਚੜਾ ਪ੍ਰਮਾਰਥੀ ਜਸ ਭੀ ਖੱਟਦੇ ਹਨ ਅਤੇ ਇਸ ਜਸ ਦੀ ਸੱਚੜੀ ਬੇੜੀ 'ਤੇ ਚੜ੍ਹ ਕੇ ਭਵਸਾਗਰੋਂ ਭੀ ਪਾਰ ਪੈਂਦੇ ਹਨ। ਦੁਨਿਆਵੀ ਜਸ ਆਪੇ ਹੀ ਉਨ੍ਹਾਂ ਦੇ ਮਗਰ ਲੱਗਿਆ ਫ਼ਿਰਦਾ ਹੈ। ਸ੍ਰੀ ਦਸਮੇਸ਼ ਜੀ ਦੀ ਪਰਵੇਸ਼ ਕੀਤੀ ਹੋਈ ਬੁੱਧ-ਸਬੁੱਧੀ ਅੰਦਰਲੀ ਰੱਖੀ ਸਪਿਰਿਟ ਅਨੁਸਾਰ ਉਹ ਆਪਣੇ ਜੀਵਨ ਨੂੰ, ਤਨ ਦੀ ਸੱਚੀ ਧੀਰਜਤਾ (ਸਹਿਣਸ਼ੀਲਤਾ) ਦਾ ਧਾਮ ਬਣਾ ਲੈਂਦੇ ਹਨ। ਉਨ੍ਹਾਂ ਦੀ ਬੁੱਧੀ ਭੀ ਸੁਬੁੱਧੀ ਹੋ ਜਾਂਦੀ ਹੈ। ਨਾਮ ਨਾਲਿ ਲਟ ਲਟ ਕਰਕੇ ਜਗਦੀ ਪ੍ਰਮਾਰਥਕ ਰੌਸ਼ਨੀ ਤਿਨ੍ਹਾਂ ਜਿੰਦੜੀਆਂ ਅੰਦਰ ਸਾਵਧਾਨਤਾ ਸਹਿਤ ਉਜਾਰਤ ਹੁੰਦੀ ਹੈ ਅਤੇ ਡੋਲਣੋਂ ਬਚਾਉਂਦੀ ਹੈ। ਉਨ੍ਹਾਂ ਦੇ ਅੰਦਰ ਸੱਚੜਾ ਗੁਰਮਤਿ ਗਿਆਨ ਪ੍ਰਕਾਸ਼ਤ ਹੁੰਦਾ ਹੈ। ਉਹ ਆਪਣੇ ਹੀ ਨਹੀਂ, ਸਗੋਂ ਸੰਸਾਰ ਭਰ ਦੇ ਦੁੱਖਾਂ ਨੂੰ ਕੱਟਣ ਦੇ ਸਮਰੱਥ ਹੋ ਜਾਂਦੇ ਹਨ। ਇਕ ਵੰਨਗੀ ਮਾਤਰ ਉਦਾਹਰਣ ਹੈ ਕਿ ਸ੍ਰੀ ਦਸਮੇਸ਼ ਜੀ ਨੇ ਨਿਰਭੈਤਾ ਵਾਲੀ ਸਪਿਰਿਟ ਪਰਵੇਸ਼ ਕਰਕੇ ਦਿਖਾਈ ਕਿ ਜਿਸ ਕਾਰਨ ਕਰਕੇ ਇਹ ਗੁਰਵਾਕ ਉਨ੍ਹਾਂ ਪਰਥਾਇ ਪੂਰਾ ਪੂਰਾ ਘਟਦਾ ਹੈ :

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥ (ਜਪੁਜੀ, ਸਲੋਕ, ਅੰਗ : ੮)

ਇਹ ਇੱਕ ਨਮੂਨੇ ਮਾਤਰ ਹੀ ਸ੍ਰੀ ਦਸਮੇਸ਼ ਜੀ ਦੀ ਪੂਰਨ ਨਿਰਭੈਤਾ ਵਾਲੀ ਸਪਿਰਿਟ ਦੀ ਅਜ਼ਮਤ ਨਿਰੂਪਣ ਹੈ। ਹੋਰ ਅਨੇਕ ਉਦਾਹਰਣਾਂ ਹਨ ਜਿਨ੍ਹਾਂ ਦੇ ਕਾਰਨ ਸ੍ਰੀ ਦਸਮੇਸ਼ ਜੀ ਦਾ ਪੂਰਨ ਜੀਵਨ ਹੀ ਏਸ ਪੂਰਨੇ ਨਾਲ ਭਰਿਆ ਪਿਆ ਹੈ। ਲੇਖ ਦੇ ਵਿਸਥਾਰ ਹੋਣ ਦੇ ਤੌਖਲੇ ਨਾਲ ਏਥੇ ਹੀ ਸਮਾਪਤ ਕੀਤਾ ਜਾਂਦਾ ਹੈ।

ਦੂਜਾ ਪੂਰਨਾ ਨਿਮਰਤਾ ਦਾ ਹੈ। ਸ੍ਰੀ ਦਸਮੇਸ਼ ਜੀ ਪਾਤਸ਼ਾਹ, ਗੁਰੂ ਪਾਤਸ਼ਾਹ ਦਰਵੇਸ਼ ਜੀ ਸਦਵਾਉਂਦੇ ਸਨ। ਜਿਸ ਤੋਂ ਸਿੱਧ ਹੈ ਕਿ ਏਹਨਾਂ ਅੰਦਰਿ ਇਸ ਨਿਮਰਤਾ ਵਾਲੇ ਪੂਰਨਿਆਂ ਵਾਲੀ ਸਪਿਰਿਟ ਨੱਕਾ-ਨੱਕ ਭਰੀ ਹੋਈ ਸੀ, ਜੈਸੇ ਕਿ ਪਹਿਲੇ ਦਰਸਾਇਆ ਗਿਆ ਹੈ।

ਤੀਜਾ ਪੂਰਨਾ ਜੋ ਸ੍ਰੀ ਦਸਮੇਸ਼ ਜੀ ਨੇ ਪਾਇਆ ਉਹ ਅਮਲੀ ਸਮ-ਦਰਸਤਾ ਵਾਲਾ ਹੈ। ਜ਼ਾਲਮਾਂ ਤੇ ਮਜ਼ਲੂਮਾਂ ਨੂੰ ਇੱਕੋ ਸਮ-ਦ੍ਰਿਸ਼ਟੀ ਨਾਲਿ ਸ੍ਰੀ ਦਸਮੇਸ਼ ਪਿਤਾ ਜੀ ਨੇ ਜਾਂਚਿਆ। ਨਿਰਵੈਰਤਾ ਭੀ ਏਸੇ ਪੂਰਨੇ ਅੰਦਰਿ ਸਫ਼ਲੀ ਜਾਣਾਈ ਹੈ। ਸੱਚੇ ਪਾਤਸ਼ਾਹ ਸ੍ਰੀ ਗੁਰੂ ਦਸਮੇਸ਼ ਜੀ ਨੇ ਕਿਸੇ ਜ਼ਾਤੀ ਨਾਲ ਵੈਰ ਨਹੀਂ ਕੀਤਾ।

ਗੁਰੂ ਸੱਚੇ ਪਾਤਸ਼ਾਹ ਸ੍ਰੀ ਦਸਮੇਸ਼ ਜੀ ਦੀ ਦ੍ਰਿਸ਼ਟੀ ਅੰਦਰਿ ਜੈਸੇ ਮੁਸਲਮਾਨ ਸੀ ਵੈਸੇ ਹੀ ਹਿੰਦੂ। ਜ਼ਾਲਮ ਅਤੇ ਪ੍ਰਮਾਰਥੋਂ ਗੁਮਰਾਹ ਹੋਏ ਹੋਏ ਪਹਾੜੀਆਂ ਨਾਲਿ ਗੁਰੂ ਸਾਹਿਬ ਦਾ ਕੋਈ ਵੈਰ ਨਹੀਂ ਸੀ। ਜਦੋਂ ਪਹਾੜੀ ਰਾਜੇ ਪ੍ਰਮਾਰਥੋਂ ਗੁਮਰਾਹ ਹੋਏ ਤਾਂ ਸ੍ਰੀ ਦਸਮੇਸ਼ ਜੀ ਦੀ ਨਿਰਵੈਰ ਸਮ-ਦ੍ਰਿਸ਼ਟੀ ਅੰਦਰਿ ਉਨ੍ਹਾਂ ਹੀ ਪਹਾੜੀਆਂ ਦੀ ਸੋਧਨਾ ਇਸ ਪ੍ਰਕਾਰ ਪ੍ਰਗਟ ਹੋਈ। ਯਥਾ :

**ਮਨਮ ਕੁਸ਼ਤਹਅਮ ਕੋਹਿਯਾਂ ਪੁਰਫਿਤਨ ॥ ਕਿ ਆਂ ਬੁਤ ਪਰਸਤੰਦੁ ਮਨ ਬੁਤਸ਼ਿਕਨ ॥**

(ਭਾਵ : ਮੈਂ ਬੁੱਤ-ਪੂਜ ਪਹਾੜੀਆਂ ਦਾ ਨਾਸ਼ ਕਰਨ ਵਾਲਾ ਹਾਂ, ਕਿਉਂਕਿ ਉਹ ਬੁੱਤ ਪ੍ਰਸਤ ਹਨ ਤੇ ਮੈਂ ਬੁੱਤ ਤੋੜਨ ਵਾਲਾ।)

ਜਿਥੇ ਪ੍ਰਮਾਰਥ ਦੇ ਸੱਚੇ ਮਾਰਗ ਤੋਂ ਘੁੱਥਿਆਂ ਹਿੰਦੂ ਪਹਾੜੀਆਂ ਨਾਲ ਭੀ ਇਹ ਨਿਰਵੈਰ ਸਮਦ੍ਰਿਸ਼ਟੀ ਦਿਖਾਈ ਓਥੇ ਤਿਨ੍ਹਾਂ ਨਾਲ ਨਿਰਵੈਰ ਸਮਦਰਸਤਾ ਭੀ ਵਰਤੀ। ਜਦੋਂ ਪਹਾੜੀਆਂ ਦੀ ਪਾਪਾਂ-ਗ੍ਰਸੀ ਬਿਰਤੀ ਉਕੀ ਹੀ ਪ੍ਰਮਾਰਥ ਤੋਂ ਸ਼ੂਨ ਹੋ ਗਈ, ਸਗੋਂ ਉਲਟੇ ਸਾਰੇ ਪਹਾੜੀ ਰਾਜੇ ਗੁਰੂ ਸਾਹਿਬ ਤੋਂ ਬੇਮੁਖ ਹੋ ਕੇ ਤੁਰਕਾਂ ਨਾਲ ਜਾ ਰਲੇ ਤਾਂ ਗੁਰੂ ਸਾਹਿਬ ਨੇ ਇਹ ਸਾਂਝਾ ਫ਼ਤਵਾ ਦਿੱਤਾ ਕਿ ਏਹਨਾਂ ਪਹਾੜੀਆਂ ਤੇ ਤੁਰਕਾਂ ਦਾ ਖ਼ਾਲਸਾ ਜੀ ਨੇ ਕਦੇ ਵਿਸਾਹ ਨਹੀਂ ਕਰਨਾ। ਵਾਸਤਵ ਵਿੱਚ ਗੁਰੂ ਸਾਹਿਬ ਸਭ ਦੀ ਭਲਾਈ ਲੋਚਦੇ ਹਨ। ਜਦੋਂ ਹਰ ਪ੍ਰਕਾਰ ਦੇ ਹੀਲੇ ਕੀਤਿਆਂ ਭੀ ਦੋਹਾਂ ਧਿਰਾਂ ਦੀ ਭਲਾਈ ਰਹਿ ਖੜੋਤੀ, ਤਦ ਗੁਰੂ ਸੱਚੇ ਪਾਤਸ਼ਾਹ ਨੇ ਏਹਨਾਂ ਦੋਹਾਂ ਦੀ ਸੁਧਾਈ ਹਿਤ ਕਮਰਕੱਸੇ ਕਰ ਲਏ। ਗੁਰੂ ਸਾਹਿਬ ਦੀ ਏਸ ਗੱਲੇ ਪੂਰੀ ਪੂਰੀ ਨਿਰਵੈਰਤਾ ਸਪੰਨ ਸਮਦਰਸਤਾ ਹੈ ਕਿ ਉਨ੍ਹਾਂ ਨੇ ਨਾ ਹੀ ਹਿੰਦੂਆਂ ਦਾ ਪਖਸ਼ ਪੂਰਿਆ, ਨਾ ਹੀ ਤੁਰਕਾਂ ਨਾਲ ਵੈਰ-ਭਾਵਨਾ ਕਮਾਈ, ਬਲਕਿ ਸੱਚੀ ਧਰਮੱਗ ਸਪਿਰਿਟ ਤੋਂ ਖ਼ਾਲੀ ਹੋਏ ਹੋਏ ਹਿੰਦੂਆਂ ਤੇ ਤੁਰਕਾਂ ਨੂੰ ਇਕ-ਸਾਰ ਹੀ ਸੋਧਿਆ। ਦੋਈ ਪ੍ਰਮਾਰਥ ਦੇ ਵੈਰੀ ਸਨ ਅਤੇ ਦੋਨੋਂ ਹੀ ਧਰਮ-ਉਪਕਾਰਤਾ ਵਾਲੀ ਸੱਚਾਈ ਤੋਂ ਦੁਰੇਡੇ ਹੋ ਗਏ ਸਨ। ਇਸ ਕਰਕੇ ਗੁਰੂ ਸੱਚੇ ਪਾਤਸ਼ਾਹ ਸ੍ਰੀ ਦਸਮੇਸ਼ ਜੀ ਨੇ ਦੋਹਾਂ ਨੂੰ ਹੀ ਸਿੱਧੇ ਰਸਤੇ ਪਾਉਣ ਵਾਲੀ ਸੱਚੀ ਸਮਦ੍ਰਿਸ਼ਟੀ ਵਰਤੀ। ਹਿੰਦੂ ਮੁਸਲਮਾਨ ਵਾਲੀ ਕਾਣ-ਕਨੌਡ ਕਿਸੇ ਦੀ ਨਹੀਂ ਰੱਖੀ।

ਗੁਰੂ ਦਸਮੇਸ਼ ਜੀ ਨੇ ਪ੍ਰੇਮ ਦੀ ਏਸ ਸੱਚਾਈ ਨੂੰ ਸਭ ਤੋਂ ਸ੍ਰੇਸ਼ਟ ਪੂਰਨਾ ਪਾ ਕੇ ਸਿੱਧ ਕੀਤਾ ਕਿ ਗੁਰਮਤਿ ਅੰਦਰਿ ਨਾਮ-ਭਿੰਨੜੇ-ਪ੍ਰੇਮ ਤੋਂ ਬਿਨਾਂ ਸ਼ੁਸ਼ਕ ਪ੍ਰੇਮ ਕੋਈ ਅਰਥ ਹੀ ਨਹੀਂ ਰਖਦਾ। ਇਸ ਪ੍ਰੇਮ-ਮਈ-ਸੱਚਾਈ ਨੂੰ ਸ੍ਰੀ ਦਸਮੇਸ਼ ਜੀ ਨੇ ਸਪੱਸ਼ਟ ਤੌਰ 'ਤੇ ਦਰਸਾਇਆ ਅਤੇ ਦਰਸਾ ਕੇ ਸਿੱਧ ਕੀਤਾ ਕਿ ਵਾਹਿਗੁਰੂ ਨੂੰ ਪਾਉਣ ਦਾ ਇਕੋ ਇਕ ਵਸੀਲਾ ਨਾਮ-ਭਿੰਨੜਾ-ਪ੍ਰੇਮ ਹੀ ਹੈ।

ਆਮ ਨੇਤਾਵਾਂ ਦਾ ਇਹ ਖ਼ਿਆਲ ਉਕਾ ਹੀ ਗ਼ਲਤ ਹੈ ਕਿ ਗੁਰੂ ਸਾਹਿਬ ਸ੍ਰੀ ਦਸਮੇਸ਼ ਜੀ ਕੇਵਲ ਤੁਰਕਾਂ ਦੇ ਹੀ ਵੈਰੀ ਸਨ। ਹਰਗਿਜ਼ ਨਹੀਂ। ਗੁਰੂ ਸਾਹਿਬ ਤਾਂ ਪਾਪ ਅਤੇ ਜ਼ੁਲਮ ਦੇ ਵਿਰੋਧੀ ਸਨ। ਜ਼ਾਤ ਪਾਤ ਕਰਕੇ ਕਿਸੇ ਨਾਲ ਵੈਰ-ਵਿਰੋਧ ਨਹੀਂ ਕਮਾਇਆ। ਸਭਨਾਂ ਨੂੰ ਹੀ ਸਿੱਧੇ ਰਸਤੇ ਲਿਆਵਣ ਦੇ ਅਭਿਲਾਖੀ ਸਨ। ਸਭਨਾਂ ਕਪੁੱਠੇ ਮਾਰਗ ਪਏ ਹੋਇਆਂ ਬੰਦਿਆਂ ਦੇ ਸੋਧਕ ਸਨ। ਸੋਈ ਸਮਤੀ ਗੁਰੂ ਦਸਮੇਸ਼ ਜੀ ਨੇ ਆਪਣੇ ਸਾਜੇ ਨਿਵਾਜੇ ਖ਼ਾਲਸਾ ਜੀ ਨੂੰ ਨਦਰੀ ਨਦਰ ਨਿਹਾਲ ਹੋ ਕੇ ਬਖ਼ਸ਼ੀ ਕਿ ਕਿਸੇ ਇਕ ਜ਼ਾਤ ਕੌਮ ਦਾ ਘਾਤ ਨਹੀਂ ਕਰਨਾ, ਪਰੰਤੂ ਪਾਪਿਸ਼ਟ ਕਰਮੀ ਭਾਵੇਂ ਕੋਈ ਜ਼ਾਤੀ ਅਤੇ ਕੋਈ ਫ਼ਿਰਕਾ ਹੋਵੇ, ਦੋਹਾਂ ਨੂੰ ਸੁਮੱਤੇ ਲਾਉਣਾ ਹੈ। ਜੋ ਪਹਾੜੀ ਰਾਜਿਆਂ ਵਤ ਅੱਜ ਕੱਲ੍ਹ ਦੇ ਹਿੰਦੂ-ਡੰਮੀਏ ਭੀ ਸੱਚੇ ਪ੍ਰਮਾਰਥ ਅਤੇ ਸੱਚੇ ਧਰਮ ਮਾਰਗ ਤੋਂ ਬੇਮੁਖ ਹੋ ਜਾਣ ਤਾਂ ਤਿਨ੍ਹਾਂ ਨੂੰ ਗਏ-ਗੁਜ਼ਰੇ ਹਿੰਦੂ ਪਹਾੜੀਆਂ ਸਮਾਨ ਹੀ ਸਮਝਣਾ ਹੈ। ਉਨ੍ਹਾਂ ਦੀ ਨਿਰੇ ਹਿੰਦੂ ਹੋਣ ਕਰਕੇ ਕੋਈ ਰੱਛਿਆ ਰਿਆਇਤ ਨਹੀਂ ਕਰਨੀ। ਗੁਰੂ ਦਸਮੇਸ਼ ਜੀ ਨੇ ਸੱਚੀ ਸਮਦਰਸਤਾ ਦਾ ਸੱਚਾ ਸਬਕ ਅਮਲੀ ਤੌਰ 'ਤੇ ਖ਼ਾਲਸਾ ਪੰਥ ਨੂੰ ਸਿਖਾਇਆ। ਜਿਸ ਪਰਕਾਰ ਸ੍ਰੀ ਦਸਮੇਸ਼ ਜੀ ਨੇ ਹਿੰਦੂ ਤੁਰਕ ਵਾਲੀ ਕਾਣ-ਕਨੌਡ ਮਿਟਾ ਦੇਣ ਦੇ ਸੱਚੇ ਪੂਰਨੇ ਪਾ ਕੇ ਦਿਖਾਏ, ਓਹਨਾਂ ਹੀ ਪੂਰਨਿਆਂ ਉਤੇ ਗੁਰੂ ਦਸਮੇਸ਼ ਜੀ ਦਾ ਸਾਜਿਆ ਨਿਵਾਜਿਆ ਖ਼ਾਲਸਾ ਪੰਥ ਤਤਪਰ ਹੈ, ਤੇ ਸਦਾ ਤਤਪਰ ਰਹੇਗਾ। ਜਦੋਂ ਦਸਮੇਸ਼ ਜੀ ਨੇ ਪੇਖ ਪਰਖ ਕੇ ਦੋਹਾਂ ਹੀ ਮੱਤਾਂ ਦੀ ਕਪਟ-ਕੁਕਰਮਤਾ ਭਲੀ ਬਿਧਿ ਜਾਂਚ ਲਈ ਤਦੋਂ ਹੀ ਦੋਹਾਂ ਨੂੰ ਸੋਧਣ ਲਈ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਯਥਾ ਸ੍ਰੀ ਦਸਮੇਸ਼ ਵਾਕ :

**ਦੁਹੂੰ ਪੰਥ ਮੈ ਕਪਟ ਵਿਦਯਾ ਚਲਾਨੀ ॥ ਬਹੁਰ ਤੀਸਰੋ ਪੰਥ ਕੀਨੋ ਪਰਧਾਨੀ ॥**

(ਦਸਮ ਗ੍ਰੰਥ , ਉਗ੍ਰਦੰਤੀ, ਛਕਾ ੫, ਤੁਕ ੧੩)

**ਸ੍ਰੀ ਦਸਮੇਸ਼ ਜੀ ਨੇ ਖ਼ਾਲਸਾ ਜੀ ਨੂੰ ਸਭ ਤੋਂ ਨਿਆਰਾ ਰੱਖਿਆ ਅਤੇ ਹੁਕਮ ਬਖ਼ਸ਼ਿਆ :**

**ਜਬ ਲਗ ਖ਼ਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਓ ਮੈਂ ਸਾਰਾ ॥**

**ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈਂ ਨ ਕਰੋਂ ਇਨ ਕੀ ਪ੍ਰਤੀਤ ॥**

**(ਸਰਬ ਲੋਹ ਗ੍ਰੰਥ)**

ਇਸ ਬਿਧਿ ਸ੍ਰੀ ਦਸਮੇਸ਼ ਜੀ ਨੇ ਸੱਚੀ ਸਮਦਰਸਤਾ ਦਾ ਪੂਰਨਾ ਪਾ ਕੇ ਦਿਖਾਇਆ।

ਚੌਥਾ ਪੂਰਨਾ :- ਸਭ ਤੋਂ ਸ੍ਰੇਸ਼ਟ ਪੂਰਨਾ ਸ੍ਰੀ ਦਸਮੇਸ਼ ਜੀ ਨੇ ਗੁਰਮਤਿ ਸੱਚਾਈ ਦਾ ਕੌਲ-ਐ-ਫ਼ੇਅਲ (ਕਹਿਣੀ ਅਤੇ ਕਰਨੀ) ਦਾ ਪਾਇਆ, ਜੋ ਅੱਜ ਤਾਈਂ ਕਿਸੇ ਧਾਰਮਕ ਆਗੂ ਅਤੇ ਰੀਫ਼ਾਰਮਰ ਨੇ ਨਹੀਂ ਪਾਇਆ। ਸ੍ਰੀ ਗੁਰੂ ਦਸਮੇਸ਼ ਜੀ ਨੇ ਨਿਧੜਕ ਹੋ ਕੇ ਗੁਰਮਤਿ ਤਤ ਸੱਤ ਦਾ ਨਿਰਣਾ ਪੂਰਨ ਸੱਚਾਈ ਦੇ ਪੂਰਨੇ ਅਨੁਸਾਰ ਪਾ ਕੇ ਦਿਖਾਇਆ। ਸਪੱਸ਼ਟ ਤੌਰ 'ਤੇ ਪਹਿਲਾਂ ਇਹ ਸੱਚਾਈ ਦਰਸਾਈ :

**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥੨੯॥** (ਤ੍ਵਪ੍ਰਸਾਦਿ ਸਵਯੇ ਪਾ. ੧੦)

ਏਸ ਵਿਚ ਰੰਚਕ ਸੰਦੇਹ ਨਹੀਂ ਕਿ ਸ੍ਰੀ ਗੁਰੂ ਦਸਮੇਸ਼ ਜੀ ਦਾ ਆਦਰਸ਼ ਨਾਮ-ਭਿੰਨੜਾ ਪ੍ਰੇਮ ਹੈ। ਯਥਾ ਗੁਰਵਾਕ :

**ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ ॥੫॥** (੯॥੧) (ਸੋਰਠਿ ਮ. ੫ ਅਸਟ,

**ਅੰਗ : ੬੪੦)**

ਗੁਰੂ ਦਸਮੇਸ਼ ਜੀ ਨੇ ਪ੍ਰੇਮ ਦੀ ਏਸ ਸੱਚਾਈ ਨੂੰ ਸਭ ਤੋਂ ਸ੍ਰੇਸ਼ਟ ਪੂਰਨਾ ਪਾ ਕੇ ਸਿੱਧ ਕੀਤਾ ਕਿ ਗੁਰਮਤਿ ਅੰਦਰਿ ਨਾਮ-ਭਿੰਨੜੇ-ਪ੍ਰੇਮ ਤੋਂ ਬਿਨਾਂ ਸ਼ੁਸ਼ਕ ਪ੍ਰੇਮ ਕੋਈ ਅਰਥ ਹੀ ਨਹੀਂ ਰਖਦਾ। ਇਸ ਪ੍ਰੇਮ-ਮਈ-ਸੱਚਾਈ ਨੂੰ ਸ੍ਰੀ ਦਸਮੇਸ਼ ਜੀ ਨੇ ਸਪੱਸ਼ਟ ਤੌਰ 'ਤੇ ਦਰਸਾਇਆ ਅਤੇ ਦਰਸਾ ਕੇ ਸਿੱਧ ਕੀਤਾ ਕਿ ਵਾਹਿਗੁਰੂ ਨੂੰ ਪਾਉਣ ਦਾ ਇਕੋ ਇਕ ਵਸੀਲਾ ਨਾਮ-ਭਿੰਨੜਾ-ਪ੍ਰੇਮ ਹੀ ਹੈ। ਇਸ ਪੂਰਨੇ ਨੂੰ ਸਪੱਸ਼ਟ ਤੌਰ 'ਤੇ ਦਰਸਾ ਕੇ ਸਿੱਧ ਕਰਨ ਲਈ ਸ੍ਰੀ ਦਸਮੇਸ਼ ਜੀ ਨੇ ਇਹ ਗੱਲ ਭਲੀ ਪਰਕਾਰ ਨਿਰੂਪਣ ਕਰ ਦਿੱਤੀ ਕਿ ਹੋਰਨਾਂ ਮਤ-ਮਤਾਂਤ੍ਰਾਂ ਅੰਦਰਿ ਜੋ ਪੂਰਨੇ ਵਾਹਿਗੁਰੂ ਨੂੰ ਪਾਉਣ ਦੇ ਇਸ ਪ੍ਰੇਮ ਤੋਂ ਸਖਣੇ ਹਨ, ਸਭ ਨਿਸਫ਼ਲ ਹਨ। ਜੈਸਾ ਕਿ ਸ੍ਰੀ ਮੁਖਵਾਕ ਦੁਆਰਾ ਇਸ ਬਿਧਿ ਨਿਰਣਾ ਹੈ :

**ਪ੍ਰੀਤਿ ਕਰੇ ਪ੍ਰਭੁ ਪਾਯਤ ਹੈ ਕ੍ਰਿਪਾਲ ਨ ਭੀਜਤ ਲਾਂਡ ਕਟਾਏ ॥੧੦੦॥ (ਬਚਿਤ੍ਰ ਨਾਟਕ, ਅਧਿਆਇ : ੧)**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬਾਣੀ ਅਨੁਸਾਰ ਏਥੇ ਇਸ ਮਹਾਂਵਾਕ ਦੁਆਰਾ ਆਨ-ਮੱਤੀਆਂ, ਖ਼ਾਸ ਕਰ ਤੁਰਕਾਂ ਦੀ ਸ਼ੁਸ਼ਕ ਸੁੰਨਤ ਕ੍ਰਿਆ ਵਲ ਸਪੱਸ਼ਟ ਇਸ਼ਾਰਾ ਹੈ ਅਤੇ ਏਸ ਇਸ਼ਾਰੇ ਨੂੰ ਸਪੱਸ਼ਟਤਾਈ ਸਹਿਤ ਦਰਸਾਉਣ ਦਾ ਸੱਚਾ ਪੂਰਨਾ ਸ੍ਰੀ ਦਸਮੇਸ਼ ਜੀ ਨੇ ਪਾਇਆ ਹੈ :

**ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥... ॥੩॥ (੪ ॥੮)**

**(ਆਸਾ ਕਬੀਰ ਜੀ, ਅੰਗ : ੪੭੭)**

ਵਾਲੇ ਗੁਰਵਾਕ ਦਾ ਇੰਨ ਬਿੰਨ ਅਨੁਵਾਦ ਕਰ ਵਿਖਾਇਆ ਹੈ। ਪਰੰਤੂ ਬਿਨਾਂ ਕਿਸੇ ਰੌ-ਰਿਆਇਤ ਅਤੇ ਝਕ-ਝੇਪ ਦੇ ਤੱਤ-ਸੱਚਾਈ ਦਾ ਪੂਰਨਾ ਪਾ ਕੇ ਸਪੱਸ਼ਟ ਕੀਤਾ ਹੈ ਕਿ ਸੱਚੇ ਗੁਰਮਤਿ ਪ੍ਰਮਾਰਥੀ ਪ੍ਰੇਮ-ਬਿਹੂਨ ਹੋਰ ਸਭ ਕ੍ਰਿਆ, ਆਨਮਤੀਆਂ ਦੀ ਸੁੰਨਤ ਆਦਿ ਸਭ ਬਿਰਥੀ ਹੈ। ਏਸ ਦੁਆਰਾ ਪਰਮਾਤਮਾ ਪਾਇਆ ਹੀ ਨਹੀਂ ਜਾ ਸਕਦਾ। ਪਾਇਆ ਜਾ ਸਕਦਾ ਹੈ ਤਾਂ ਕੇਵਲ ਗੁਰਮਤਿ ਨਾਮ-ਭਿੰਨੜੇ-ਪ੍ਰੇਮ ਦੁਆਰਾ ਹੀ ਪਾਇਆ ਜਾ ਸਕਦਾ ਹੈ। ਇਹ ਸੱਚਾਈ ਚਾਹੇ ਕਿਸੇ ਅਨਮਤੀ ਪੁਰਸ਼ ਨੂੰ ਕੌੜੀ ਹੀ ਲੱਗੇ, ਪਰੰਤੂ ਸ੍ਰੀ ਦਸਮੇਸ਼ ਜੀ ਨੇ ਇਸ ਸਾਰ-ਸੱਚਾਈ ਵਾਲੇ ਪੂਰਨੇ ਨੂੰ ਸਪੱਸ਼ਟ ਤੌਰ 'ਤੇ ਪਾ ਹੀ ਦਿੱਤਾ। ਬਚਿੱਤ੍ਰ ਨਾਟਕ ਅੰਦਰਿ ਜਿਸ ਸਾਰ-ਸੱਚਾਈ ਨੂੰ ਨਿਰੂਪਣ ਕਰਕੇ ਸ੍ਰੀ ਦਸਮੇਸ਼ ਜੀ ਨੇ ਇਸ ਨੂੰ ਖ਼ਾਸ ਦਰਸਾਉਣ ਦਾ ਪੂਰਨਾ ਪਾਇਆ ਹੈ, ਉਹ ਕਿਸੇ ਤੋਂ ਵੀ ਨਹੀਂ ਪੈਂਦਾ। ਇਹ ਸ੍ਰੀ ਦਸਮੇਸ਼ ਜੀ ਨੂੰ ਸਮਰੱਥਾ ਹੈ ਕਿ ਇਸ ਗੁਰਮਤਿ ਤੱਤ-ਸੱਚਾਈ ਨੂੰ ਹੀ ਸਪੱਸ਼ਟ ਤੌਰ 'ਤੇ ਦਰਸਾ ਕੇ ਸਿੱਧ ਕੀਤਾ ਜਾਏ ਕਿ ਨਾਮ-ਭਿੰਨੜੇ-ਪ੍ਰੇਮ ਬਿਨਾਂ ਸਾਰੇ ਕਰਮ ਧਰਮ ਨਿਸਫ਼ਲ ਹਨ। ਇਸ ਸੱਚਾਈ ਨੂੰ ਮੁਖ ਰਖ ਕੇ ਸ੍ਰੀ ਦਸਮੇਸ਼ ਜੀ ਨੇ ਸਮੱਗਰ ਆਨਮੱਤ ਨੇਤਾਵਾਂ ਦਾ ਪੋਲ ਖੋਲ੍ਹ ਕੇ ਸਪੱਸ਼ਟ ਕਰ ਦਿੱਤਾ ਹੈ ਕਿ ਨਾਮ-ਭਿੰਨੜਾ-ਪ੍ਰੇਮ ਸਿਵਾਏ ਗੁਰਮਤਿ ਦੇ ਕਿਸੇ ਵੀ ਅਨ-ਮੱਤ ਅੰਦਰਿ ਅਤੇ ਅਨ-ਮੱਤ ਨੇਤਾ ਦੇ ਕਿਸੇ ਵੀ ਮਿਸ਼ਨ ਅੰਦਰ ਨਹੀਂ ਪਾਇਆ ਜਾਂਦਾ। ਇਹ ਵਡਿਆਈ, ਇਸ ਤਤ ਸੱਤ ਸੱਚਿਆਈ ਨੂੰ ਇੰਨ ਬਿੰਨ ਪ੍ਰਗਟਾਉਣ ਲਈ, ਅਕਾਲ ਪੁਰਖ ਨੇ ਕੇਵਲ ਸ੍ਰੀ ਦਸਮੇਸ਼ ਜੀ ਨੂੰ ਬਖ਼ਸ਼ੀ।

ਇਤਨੇ ਪੂਰਨਿਆਂ ਦਾ ਮਾਲਕ ਹੁੰਦਾ ਹੋਇਆ ਭੀ ਸਾਡਾ ਸ੍ਰੀ ਦਸਮੇਸ਼ ਪਿਤਾ ਸ੍ਵਾਸ

ਸ੍ਵਾਸ ਨਾਮ ਅਭਿਆਸ ਦੇ ਰੰਗਾਂ ਵਿਚ ਜੁੱਧਾਂ-ਜੰਗਾਂ ਵਿਚ ਅਹਿਨਿਸ ਰੱਤੜਾ ਹੀ ਰਹਿੰਦਾ ਹੈ। ਹੋਰ ਸਭ ਪੂਰਨੇ ਏਸ ਸੱਚਾਈ ਦੇ ਪੂਰਨੇ ਦੀ ਰੌਸ਼ਨੀ ਵਿਚ, ਸਮੱਗਰ ਤੌਰ 'ਤੇ ਆਏ ਸਪੱਸ਼ਟਾਏ ਗਿਣੇ ਜਾਂਦੇ ਹਨ।

■■

# ਗੁਲੇ ਹੋਲੀ

**ਗੁਲੇ ਹੋਲੀ ਬਬਾਗ਼ੇ ਦਹਰ ਬੂ ਕਰਦ ॥ ਲਬੇ ਚੂੰ ਗ਼ੁੰਚਹ ਰਾ ਫਰਖੰਦਹ ਖ਼ੂ ਕਰਦ ॥**
**ਗੁਲਾਬੋ ਅੰਬਰੋ ਮੁਸ਼ਕੋ ਅਬੀਰੋ ॥ ਚੁ ਬਾਰਾਂ ਬਾਰਸ਼ੇ ਅਜ਼ ਸੂ ਬਸੂ ਕਰਦ ॥**
**ਜ਼ਹੇ ਪਿਚਕਾਰੀਏ ਪੁਰ ਜ਼ਾਫ਼ਰਾਨੀ ॥ ਕਿ ਹਰ ਬੇਰੰਗ ਰਾ ਖੁਸ਼ ਰੰਗੋ ਬੂ ਕਰਦ ॥**
**ਗੁਲਾਲ ਅਫ਼ਸ਼ਾਨੀ ਅਜ਼ ਦਸਤੇ ਮੁਬਾਰਕ ॥ ਜ਼ਮੀਨੋ ਆਸਮਾਂ ਰਾ ਸੁਰਖਰੂ ਕਰਦ ॥**
**ਦੁ ਆਲਮ ਗਸ਼ਤ ਰੰਗੀਂ ਅਜ਼ ਤੁਫ਼ੈਲਸ਼ ॥ ਚੁ ਸ਼ਾਹਮ ਜਾਮਹ ਰੰਗੀਂ ਦਰ ਗੁਲੂ ਕਰਦ ॥**
**ਕਸੇ ਕੋ ਦੀਦ ਦੀਦਾਰੇ ਮੁਕੱਦਸ ॥ ਮੁਰਾਦੇ ਉਮਰ ਰਾ ਹਾਸਿਲ ਨਿਕੋ ਕਰਦ ॥**
**ਸ਼ਵਦ ਕੁਰਬਾਨਿ ਖ਼ਾਕੇ ਰਾਹੇ ਸੰਗਤ ॥ ਦਿਲੇ 'ਗੋਯਾ', ਹਮੀਂ ਬਸ ਆਰਜ਼ੂ ਕਰਦ ॥**
**(ਭਾਈ ਨੰਦ ਲਾਲ ਜੀ, ਗਜ਼ਲ ੩੨)**

## ਅਰਥ

੧. ਹੋਲੀ ਦਾ ਫ਼ੁਲ ਖਿੜਿਆ ਸੁਗੰਧੀ ਨਾਲ ਸਾਰਾ ਬਾਗ਼ ਮਹਿਕ ਪਿਆ। ਮੂੰਹ (ਪ੍ਰੀਤਮ ਦਾ) ਕਲੀ ਵਾਂਗ ਖਿੜ ਗਿਆ।
੨. ਗ਼ੁਲਾਬ ਅੰਦਰ ਕਸਤੂਰੀ ਅਤੇ ਅੰਬੀਰ ਸਾਰੇ ਪਾਸੇ ਮੀਂਹ ਵਾਂਗ ਵਰਸਣ ਲੱਗ ਪਏ।
੩. ਕੇਸਰ ਨਾਲ ਭਰੀ ਹੋਈ ਸੋਹਣੀ ਪਿਚਕਾਰੀ ਨੇ ਸਭ ਦੇ ਚਿੱਟੇ ਕੱਪੜਿਆਂ ਨੂੰ ਸੋਹਣਾ ਰੰਗ ਦਿੱਤਾ।
੪. ਸਤਿਗੁਰੂ ਨੇ ਆਪਣੇ ਹੱਥਾਂ ਨਾਲ ਗੁਲਾਲ ਉਡਾ ਕੇ ਧਰਤੀ ਤੇ ਆਕਾਸ਼ ਨੂੰ ਵੀ ਰੰਗ ਦਿੱਤਾ।
੫. ਉਨ੍ਹਾਂ ਦੀ ਕਿਰਪਾ ਨਾਲ ਦੋਵੇਂ ਲੋਕ ਰੰਗੇ ਗਏ ਹਨ, ਜਦੋਂ ਉਸ ਦਸਮੇਸ਼ ਪਿਆਰੇ ਨੇ ਰੰਗਿਆ ਚੋਲਾ ਪਾਇਆ ਹੈ।
੬. ਜਿਸ ਨੇ ਉਨ੍ਹਾਂ ਦਾ ਦਰਸ਼ਨ ਕੀਤਾ ਸਾਰੀ ਉਮਰ ਦੀਆਂ ਆਸਾਂ ਪੂਰਨ ਕਰ ਲਈਆਂ।
੭. ਸਾਧ ਸੰਗਤ ਦੇ ਚਰਨਾਂ ਦੀ ਧੂੜ ਤੋਂ ਕੁਰਬਾਨ ਜਾਵਾਂ। ਇਹ ਹੀ ਮੇਰਾ (ਗੋਯਾ ਦਾ) ਦਿਲ ਚਾਹੁੰਦਾ ਹੈ।



# ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਪੰਥ

ਪ੍ਰੋ. ਪੂਰਨ ਸਿੰਘ ਜੀ

ਇਹ ਪੰਥ ਗੁਰੂ ਗੋਬਿੰਦ ਸਿੰਘ ਨੇ ਸਾਜਿਆ। ਇਹ ਉਨ੍ਹਾਂ ਅਣਖੀ ਸੂਰਮਿਆਂ ਦਾ ਪੰਥ ਹੈ ਜਿਹੜੇ ਨਾਮ ਅਤੇ ਸਿਮਰਨ ਵਾਲਾ ਅੰਤਰਮੁਖੀ ਜੀਵਨ ਜਿਊਂਦੇ ਹਨ। ਉਹ, ਉਹ ਹਨ ਜਿਨ੍ਹਾਂ ਦੀ ਮੌਜੂਦਗੀ ਸ਼ਾਂਤ-ਅੰਮ੍ਰਿਤ ਨਾਲ ਦੁਆਲਾ ਰੰਗ ਦਿੰਦੀ ਹੈ। ਉਹ ਨਾ ਹੀ ਰਾਜ ਚਾਹੁੰਦੇ ਹਨ ਅਤੇ ਨਾ ਹੀ ਮੁਕਤੀ, ਕੇਵਲ 'ਮਨ ਪ੍ਰੀਤ ਚਰਨ ਕਮਲਾਰੇ' ਦੇ ਧਾਰਣੀ ਹਨ। ਨਾ ਹੀ ਉਹ ਯੋਗ ਰਹੱਸ-ਪੂਰਨ ਅਤੇ ਨਾ ਹੀ ਭੋਗ ਦੀ ਵਾਸ਼ਨਾ ਪੂਰਨ ਖ਼ੁਸ਼ੀ ਦੇ ਇੱਛੁਕ ਹਨ, ਉਹ ਤਾਂ ਕੇਵਲ ਉਸ ਦਾ ਪਿਆਰ ਅੰਮ੍ਰਿਤ ਮੰਗਦੇ ਹਨ, ਉਸ ਦੀ ਬਾਣੀ ਦੀ ਸ਼ਬਨਮ ਦੇ ਛਲਕਦੇ ਜਾਮ। ਉਹ ਜੀਵਨ ਦੇ ਦਾਰਸ਼ਨਿਕ ਗ਼ਮਾਂ ਨਾਲ ਭਰੇ ਪੀਤੇ ਪਏ ਹਨ ਅਤੇ ਉਹ ਆਪਣੀ ਪਿਆਸ ਅਤੇ ਸਭ ਦੁਖੀਆਂ ਦੀ ਪਿਆਸ ਬੁਝਾਉਣ ਲਈ ਬੰਬੀਹੇ ਵਾਂਗ ਸਵਾਂਤੀ ਬੂੰਦ ਨੂੰ ਟੇਰਦੇ ਹਨ। ਮਹਿਬੂਬ ਦਾ ਨਾਮ ਜਪਣ ਨਾਲ ਹੀ ਉਹ ਇਸ ਰੂਹਾਨੀ ਸਥਿਤੀ ਨੂੰ ਕਾਇਮ ਰੱਖ ਸਕਦੇ ਹਨ ਅਤੇ ਕਿਉਂਕਿ ਉਨ੍ਹਾਂ ਦੀ ਇਹ ਪਿਆਸ ਅਸੀਮ ਹੈ ਅਤੇ ਜਾਪ, ਪੰਛੀਆਂ ਦੀ ਨਿਰੰਤਰ ਕੂਕ ਵਰਗਾ। ਰੂਹਾਨੀ ਮਰਦਾਨਗੀ ਦਾ ਭੇਦ ਮਹਿਬੂਬ ਪ੍ਰਤੀ ਵਿਗਸਿਆ ਪਿਆਰ ਹੈ ਅਤੇ ਇਹ ਪਿਆਰ ਗੁਰੂ ਬਾਣੀ ਦੇ ਨਿਰੰਤਰ ਪਾਠ ਅਤੇ ਗੁਰੂ ਦਾ ਨਾਮ ਜਪਣ ਵਿਚ ਹੈ।

ਇਸ ਪੰਥ ਦੀ ਰੰਗ ਰੱਤੜੀ ਹਸਤੀ ਬਾਣੀ ਨਾਲ ਜੁੜੀ, ਪਿਆਰ ਵਿਗੁਤੀ, ਸ਼ਕਤੀਸ਼ਾਲੀ ਅਤੇ ਨਿਮਰ, ਨਿਰਭੈ, ਮੌਤ ਨੂੰ ਮਖੌਲਾਂ ਕਰਦੀ, ਮੌਤ ਨੂੰ ਜੱਫ਼ੀਆਂ ਪਾਉਂਦੀ, ਮਾਲਕ ਦੇ ਨਾਂ ਤੋਂ ਸਦਾ ਨਿਰਸਵਾਰਥ ਜਾਨ ਵਾਰ ਦਿੰਦੀ, ਸ਼ਮ੍ਹਾਂ ਦੁਆਲੇ ਪਰਵਾਨੇ ਵਾਂਗ ਸੜ ਉਠਦੀ, ਨਾਇਕਾਂ ਵਾਂਗ ਜਿਊਂਦੀ, ਚੰਦਰ ਮੰਡਲ ਵਾਂਗ ਚਮਕਦੀ, ਮਸਤੀ ਭਰੀ, ਹਰ ਸਮੇਂ ਮਿਠਤ ਹੁਲਸਾਈ, ਜੀਵਨ ਦੇ ਗ਼ਮਾਂ ਤੋਂ ਉਪਰ ਉਠੀ, ਸਰਬੱਤ ਦਾ ਭਲਾ ਮੰਗਦੀ ਅਤੇ ਨਿਸ਼ਕਾਮ ਵਿਚਰਦੀ ਹੈ, ਛੁਟ ਉਸ ਦੇ ਨਾਮ ਜਪਣ ਤੋਂ। ਸਵਾਸ ਸਵਾਸ ਨਾਮ ਜਪਣਾ, ਸੱਚਾਈ ਹੈ, ਨਿੱਜੀ ਸੱਚਾਈ ਅਤੇ ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਲਈ ਸੰਪੂਰਨ ਸੱਚਾਈ।

ਜਿਵੇਂ ਕਿ ਗੁਰੂ ਸਾਹਿਬਾਂ ਫ਼ਰਮਾਇਆ ਹੈ, ਅਜਿਹੀ ਅਗੰਮੀ ਹਸਤੀ ਦੀ ਪਛਾਣ, ਜੋ ਰੱਬ ਵਾਂਗ ਨਿਰਾਕਾਰ ਹੈ, ਮਨ ਮੰਦਰ ਵਿਚ, ਨਾਮ ਦੀ ਜੋਤ, ਜੀਵਨ ਸ਼ਮ੍ਹਾਂ ਨੂੰ ਸਦਾ ਬਲਦਿਆਂ ਰੱਖਣ ਨਾਲ ਹੁੰਦੀ ਹੈ। ਜਿਸ ਦੇ ਮਨ ਮੰਦਰ ਵਿਚ ਅਜਿਹੀ ਸ਼ਮ੍ਹਾਂ ਨਿਸਬਾਸਰ ਬਲਦੀ ਰਹੇ, ਉਹ ਸੱਚਾ ਖ਼ਾਲਸਾ ਹੈ।

ਉਸ ਜੋਤ ਦਾ ਚਿੰਨ੍ਹਾਤਮਕ ਪ੍ਰਗਟਾਵਾ ਨਾਮ ਜਪਣਾ ਹੈ। ਮਨੁੱਖ ਦੇ ਸਵਾਸ ਉਸ ਨਾਲ ਗੂੰਜਦੇ ਹਨ ਅਤੇ ਰੋਮ-ਰੋਮ ਵਿਚ ਉਸ ਦਾ

ਅੰਮ੍ਰਿਤ ਭਰਿਆ ਪਿਆ ਹੈ। ਉਪਰਲੀਆਂ ਪਿਪਣੀਆਂ ਹੇਠ ਅੱਖਾਂ ਉਪਰ ਵੱਲ ਅੱਧ ਤੱਕ ਪੁੱਜ ਜਾਂਦੀਆਂ ਹਨ, ਮੱਥਾ ਅੰਮ੍ਰਿਤ ਭਿੰਨਾ ਹੋ ਜਾਂਦਾ ਹੈ, ਜਿਵੇਂ ਕਿ ਉਹ ਕੋਈ ਸੋਮਾ ਹੋਵੇ ਅਤੇ ਹਜ਼ਾਰਾਂ ਸਾਫ਼ ਚਸ਼ਮੇ ਇਸ ਹਿਮਾਲੀਆ ਵਿਚੋਂ ਹੇਠਾਂ ਨੂੰ ਵਹਿ ਰਹੇ ਹੋਣ, ਜੋ ਕੇਵਲ ਇਕ ਮਨੁੱਖ ਦੀ ਧਰਤ ਨੂੰ ਜ਼ਰਖੇਜ਼ ਨਹੀਂ ਕਰਦੇ, ਸਗੋਂ ਉਨ੍ਹਾਂ ਸਾਰਿਆਂ ਦੀ ਨੂੰ, ਜੋ ਉਸ ਦੀ ਜ਼ਦ ਵਿਚ ਆਉਂਦੇ ਹਨ। ਖ਼ਾਲਸਾ ਕਿਸੇ ਝੀਲ, ਸੋਮੇ, ਦਰਿਆ ਵਾਂਗ ਸੁਤੇ ਸਿੱਧ ਵਿਸ਼ਵ-ਵਿਆਪੀ ਸਦ-ਭਾਵਨਾ, ਸ਼ਾਂਤ ਅਤੇ ਪਿਆਰ ਦੀਆਂ ਝਲਕਾਂ ਮਾਰਨ ਲੱਗ ਪੈਂਦਾ ਹੈ। ਚਾਰੇ ਪਾਸੇ ਚਟਾਕ ਚਾਨਣਾ ਹੋ ਜਾਂਦਾ ਹੈ, ਕੋਈ ਭੂਤ-ਪ੍ਰੇਤ ਜਾਂ ਭੈੜੀ ਰੂਹ ਅਜਿਹੀ ਹਸਤੀ ਦੇ ਨੇੜੇ ਨਹੀਂ ਫਟਕ ਸਕਦੀ।

ਉਨ੍ਹਾਂ ਦਾ ਨੀਤੀ-ਸ਼ਾਸਤਰ ਕਿਤਾਬੀ ਨਹੀਂ, ਅਲਜਬਰੇ ਦੇ ਫਾਰਮੂਲਿਆਂ ਦਾ ਵੀ ਨਹੀਂ, ਅਖੌਤੀ ਇਖ਼ਲਾਕੀ ਜਾਂ ਗ਼ੈਰ-ਇਖ਼ਲਾਕੀ ਕਰਨੀ ਨੂੰ ਚਤੁਰਾਈ ਨਾਲ ਸਿੱਧ ਕਰਨ ਦਾ ਵੀ ਨਹੀਂ। ਉਹ ਆਪਣੇ ਪਵਿੱਤਰ ਨਿਸ਼ਕਾਮਤਾ ਕਾਰਨ ਕੁਦਰਤ ਦੀ ਰੂਹ ਨਾਲ ਇਕ ਸੁਰ ਹਨ। ਉਹ ਪਰਬਤ ਹਨ, ਦਰਿਆ ਹਨ, ਬੱਦਲ ਹਨ ਅਤੇ ਫੁੱਲ ਹਨ। ਜਿੱਥੇ ਵੀ ਕੋਈ ਗ਼ੁਲਾਬ ਦਾ ਫੁੱਲ ਹੈ, ਉਹ ਖ਼ੁਸ਼ਬੂ ਆਲੇ-ਦੁਆਲੇ ਆਪਣੇ ਆਪ ਖਲੇਰ ਦਿੰਦਾ ਹੈ। ਖ਼ਾਲਸਾ ਆਪਣੀ ਰੂਹਾਨੀ ਮਿੱਠਤ ਨੂੰ ਧਰਤੀ ਦੇ ਜਿਸ ਕੋਨੇ 'ਤੇ ਵੀ ਹੋਵੇ, ਵੰਡ ਹੀ ਨਹੀਂ ਦਿੰਦਾ, ਸਗੋਂ ਉਹ ਤਾਂ ਆਪਣੇ ਆਪ ਨਿਕਲ-ਨਿਕਲ ਪੈਂਦੀ ਹੈ, ਇਕ ਜ਼ੋਰਦਾਰ ਸੁਹਿਰਦਤਾ ਨਾਲ। ਉਹ ਸਦਾ ਦਇਆ ਦਾ ਸ਼ਹਿਜ਼ਾਦਾ ਹੈ।

ਗੁਰੂ ਅਮਰਦਾਸ ਕਿਸੇ ਵਿਧਵਾ ਦੇ, ਉਸ ਦੇ ਪਤੀ ਦੇ ਸਵਰਗਵਾਸ ਹੋਣ 'ਤੇ ਪਾਏ ਕੀਰਨੇ ਅਤੇ ਕਿਸੇ ਮਾਂ ਦਾ ਆਪਣੇ ਪੁੱਤਰ ਦੀ ਮੌਤ 'ਤੇ ਕੀਤਾ ਵਿਰਲਾਪ ਨਹੀਂ ਸੁਣ ਸਕਦੇ। ਇਸ ਤਰ੍ਹਾਂ ਹੋਇਆ ਕਿ ਮਾਲਕ ਦੇ ਨਿਵਾਸ ਸਥਾਨ, ਗੋਇੰਦਵਾਲ ਵਿਚ ਉਨ੍ਹਾਂ ਨੇ ਜੀਵਨ ਭਰ ਦੇ ਸਮੇਂ ਦੇ ਦੌਰਾਨ ਅਜਿਹੀ ਕੋਈ ਦੁਰਘਟਨਾ ਨਹੀਂ ਹੋਈ। ਗੁਰੂ ਤੇਗ਼ ਬਹਾਦਰ ਮਨੁੱਖੀ ਦੁੱਖਾਂ ਨੂੰ ਬਰਦਾਸ਼ਤ ਨਹੀਂ ਸਨ ਕਰ ਸਕਦੇ ਉਨ੍ਹਾਂ ਦੀ ਬਾਣੀ ਅਥਰੂ ਭਿਜੀ, ਅਸੀਮ ਵੈਰਾਗਮਈ ਹੈ, ਜੋ ਉਸ ਨਾਲ ਦੁਖੀ ਮਨੁੱਖ ਨੂੰ ਖ਼ੁਸ਼ੀ ਅਤੇ ਮੁਕਤੀ ਮਿਲ ਸਕੇ। ਗੁਰੂ ਗੋਬਿੰਦ ਸਿੰਘ ਦਾ ਭਾਰਤ ਦੇ ਗ਼ੁਲਾਮਾਂ ਪ੍ਰਤੀ ਭਰਮ ਭਾਵਨਾ ਕਾਰਨ ਤਿਆਗ ਵੀ ਅਸੀਮ ਹੈ। ਉਹ ਤਾਂ ਦੁਖੀਆਂ ਦੀ ਹਾਲਤ ਨੂੰ ਸੁਧਾਰਨ ਲਈ ਆਪਣੇ ਰੱਬ ਦੀ ਵੀ ਕੁਰਬਾਨੀ ਦੇ ਦਿੰਦਾ ਹੈ। ਦਸ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਅਤੇ ਆਪਣੇ ਵਡਿਕਿਆਂ ਦੀ ਰੂਹਾਨੀ ਵਿਰਾਸਤ ਤੋਂ ਮਿਲਦੀ ਪ੍ਰੇਰਨਾ ਅਨੁਸਾਰ ਖ਼ਾਲਸਾ ਉਹ ਹੈ, ਜੋ ਉਤਸ਼ਾਹ ਦੀ ਮਸ਼ਾਲ ਜਲਾਈ ਰੱਖਦਾ ਹੈ, ਕਿਸੇ ਸੰਕਲਪ ਖ਼ਾਤਰ ਨਹੀਂ, ਕਿਸੇ ਲਾਭ ਖ਼ਾਤਰ ਨਹੀਂ, ਸਗੋਂ ਗੁਰੂ ਗੋਬਿੰਦ ਸਿੰਘ ਦੇ ਹੁਕਮ ਦੀ ਪਾਲਣਾ ਵਿਚ ਅਤੇ ਸਹਿਜੇ ਉਸ ਦੇ ਨਾਮ ਸਿਮਰਨ ਵਿਚ ਜੁੜਿਆ ਰਹਿੰਦਾ ਹੈ। ਖ਼ਾਲਸਾ ਆਪਣੀ ਰੂਹ ਦੇ ਟਾਂਗੇ ਦਾ ਕੋਚਵਾਨ ਹੈ। ਜਦੋਂ ਸਿਮਰਨ ਦੀ ਜੋਤ ਜਗਦੀ ਹੈ, ਸਿੱਖ ਮਰ ਜਾਂਦਾ ਹੈ। ਜਿਵੇਂ ਰੁੱਖ ਨੂੰ ਬੂਰ ਪੈਂਦਾ ਹੈ, ਉਸ ਤਰ੍ਹਾਂ ਸਿੱਖ ਨਾਮ ਅਤੇ ਸਿਮਰਨ ਦੀ ਖ਼ੁਸ਼ੀ ਨਾਲ ਖੇੜੇ 'ਤੇ ਆ ਜਾਂਦਾ ਹੈ। ਜਿਵੇਂ ਰੁੱਖ ਚਲਦੀ ਹਵਾ ਨੂੰ ਆਪਣੀ ਉਤਮ ਵਸਤੂ ਦੇ ਦਿੰਦਾ ਹੈ, ਇਸ ਤਰ੍ਹਾਂ ਸਿੱਖ ਸਭ ਨੂੰ ਸਰਵਸਵ ਦੇ ਦਿੰਦਾ ਹੈ। ਮੇਰੀ ਅਧਿਆਤਮਿਕ ਕਰਨੀ ਲਈ, ਮੈਂ ਨਹੀਂ, ਉਹ ਜ਼ਿੰਮੇਵਾਰ ਹੈ, ਜੋ ਬਸੰਤ ਸਮੇਂ ਹਰ ਰੁੱਖ 'ਤੇ ਜੋਬਨ ਲੈ ਆਉਂਦਾ ਹੈ, ਜੋ ਸਾਰਿਆਂ ਨੂੰ ਚਮਕ ਬਖ਼ਸ਼ਦਾ ਹੈ। ਮੈਂ ਜੀਵਨ ਭੇਦ ਪਾ ਲਿਆ ਹੈ ਅਤੇ ਮੈਂ ਆਪਣੇ ਆਪ ਨੂੰ ਬੱਦਲ ਦੀ ਟੁਕੜੀ ਵਾਂਗ ਰੱਖਦਾ ਹਾਂ, ਉਸ ਦੇ ਆਦੇਸ਼ ਵਿਚ ਵੱਸ ਪੈਂਦਾ ਹਾਂ, ਬਿਜਲੀ ਬਣ ਚਮਕ ਪੈਂਦਾ ਹਾਂ। ਮੇਰੀ ਕਰਨੀ ਮੇਰੇ ਜਜ਼ਬਾਤ ਦੀ ਮੂੰਹ ਬੋਲਦੀ ਤਸਵੀਰ ਹੈ, ਅਜਿਹੀ ਉਸ ਦੀ ਖ਼ੁਸ਼ੀ ਹੈ। ਸਾਰੇ ਕਾਰਜ, ਮੇਰੇ ਲਈ, ਉਸੇ ਸੁਪਨਮਈ ਲੈਅ ਵਿਚ ਸੈਟ ਹਨ, ਅਜਿਹੀ ਉਸ ਦੀ ਰਜ਼ਾ ਹੈ।

ਸੰਸਾਰ ਦੇ ਸੱਚ ਮੇਰੇ ਲਈ ਝੂਠ ਹਨ, ਉਨ੍ਹਾਂ ਲਈ ਨਿਰ-ਵਿਵਾਦ, ਹਨੇਰੇ ਦੇ ਵਿਚਾਰ ਹਨ- ਗੈਰ-ਹਕੀਕੀ, ਭੂਤਾਂ ਵਰਗੇ, ਜਿਨ੍ਹਾਂ ਦੀ ਛਾਇਆ ਤੋਂ ਵੀ ਮੈਨੂੰ ਡਰ ਲੱਗਦਾ ਹੈ ਅਤੇ ਜਿਨ੍ਹਾਂ ਤੋਂ ਮੈਂ ਦੂਰ ਭੱਜਦਾ ਹਾਂ। ਮੇਰੇ ਪੰਥ ਦੇ ਤਾਂ ਮਨੁੱਖਤਾ ਦੇ ਇਤਿਹਾਸ ਵਿਚ ਵਿਰਲੇ ਹੀ ਹਨ ਜਿਹੜੇ ਆਪਣੇ ਆਪ ਨੂੰ ਖ਼ਾਲਸਾ ਅਖਵਾਉਂਦੇ ਹਨ ਪਰ ਅੰਦਰੋਂ ਰੂਹਾਨੀ ਤੌਰ 'ਤੇ, ਨਿਯਤਨ, ਇਲਹਾਮੀ ਹਨ ਅਤੇ ਅਚੇਤ ਤੌਰ 'ਤੇ ਗੁਰੂ ਦੇ ਨਹੀਂ ਹਨ, ਦਾ ਨਾਂ ਸੂਚੀ ਵਿਚੋਂ ਕੱਟ ਦਿੱਤਾ ਗਿਆ ਹੈ। ਉਨ੍ਹਾਂ ਸਾਰਿਆਂ ਨੂੰ ਜਿਨ੍ਹਾਂ ਨੂੰ ਰੂਹਾਨੀ ਜੀਵਨ ਦੀ ਖ਼ਾਲਸੇ ਵਾਲੀ ਸਥਿਤੀ ਪ੍ਰਾਪਤ ਹੈ, ਹੀ ਗੁਰੂ ਗੋਬਿੰਦ ਸਿੰਘ ਦੇ ਘਰ ਵਿਚ ਥਾਂ ਮਿਲਦੀ ਹੈ ਅਤੇ ਉਹ ਸਾਡੇ ਹਨ। ਪੰਥ ਦਾ ਪਸਾਰਾ, ਹਵਾ, ਪਾਣੀ, ਅੱਗ, ਬੱਦਲਾਂ, ਸੂਰਜ ਅਤੇ ਤਾਰਿਆਂ ਵਿਚ ਹੈ। ਮੈਂ ਇਸ ਪਵਿੱਤਰ ਗੁਪਤ ਪੰਥ ਦੀ ਜੈ-ਜੈਕਾਰ, ਫੁੱਲਾਂ ਦੀਆਂ ਪੱਤੀਆਂ, ਪ੍ਰਕਿਰਤਕ ਨਜ਼ਾਰਿਆਂ ਦੀ ਸੁੰਦਰਤਾ ਤੋਂ ਘੜੇ ਸੰਗੀਤ ਰੂਪੀ ਬੁੱਤਾਂ ਤੋਂ ਸੁਣਦਾ ਹਾਂ। ਬੱਦਲ ਮੇਰੇ ਨਾਲ ਹਮਦਰਦੀ ਕਰਦਾ ਹੈ ਅਤੇ ਸੂਰਜ ਦਾ ਮੇਰੇ ਪ੍ਰਤੀ ਪਿਆਰ ਅਸੀਮ ਅਤੇ ਬਿਨਾਂ ਕਿਸੇ ਸ਼ਰਤ ਤੋਂ ਹੈ। ਮਰਦਾਂ ਅਤੇ ਇਸਤ੍ਰੀਆਂ ਦੀ ਸੰਗਤ ਵਿਚ ਇਕ ਵਡੱਪਣ ਹੈ, ਇਕ ਨਾਦਰ ਝਲਕਾਰਾ, ਜੋ ਕਿਸੇ ਇਕੱਲੇ ਵਿਚ ਨਹੀਂ, ਇਕ ਚਮਕਾਰ ਬੱਦਲਾਂ ਦੇ ਇਕੱਠ ਵਿਚੋਂ ਨਿਕਲਣ ਵਾਂਗ ਲੋਕਾਂ ਦੀ ਸੰਗਤ ਵਿਚੋਂ ਨਿਕਲਦੀ ਹੈ। ਇਨ੍ਹਾਂ ਸਾਰਿਆਂ ਵਿਚ ਮਾਲਕ ਦੀ ਚਮਕਾਂ ਮਾਰਦੀ ਕਲਗ਼ੀ ਦੀ ਚਮਕ ਹੈ, ਜੋ ਉਹ ਲਾਉਂਦਾ ਹੈ ਅਤੇ ਨੀਲੇ ਘੋੜੇ 'ਤੇ ਚੜ੍ਹਿਆ ਖ਼ਾਲਸੇ ਦੇ, ਸਿੱਖਾਂ ਦੇ ਘਰੀਂ ਜਾਂਦਾ ਹੈ।

ਭਾਈ ਵੀਰ ਸਿੰਘ ਜੀ ਦੇ ਸ਼ਬਦਾਂ ਵਿਚ, ਇਸ ਪੰਥ ਦੇ ਸਿਧਾਂਤ ਇਨ੍ਹਾਂ ਪੰਜ ਸ਼ਬਦਾਂ ਵਿਚ ਨਿਹਤ ਹਨ- ਨਾਮ, ਦਾਨ, ਇਸ਼ਨਾਨ, ਕਿਰਤ ਕਰਨਾ ਅਤੇ ਵੰਡ ਛਕਣਾ।

ਨਾਮ : ਉਸ ਦਾ ਨਾਮ ਜਪਣਾ, ਹਸਤੀ ਦਾ ਰਹੱਸ, ਜਿਸ ਦਾ ਕੋਈ ਨਿੱਜੀ ਮਨੋਰਥ, ਇੱਛਾ ਜਾਂ ਖ਼ੁਦਗਰਜ਼ੀ ਨਹੀਂ।

ਪਿਆਰ ਨਾਲ ਸੁਆਰਥ ਤੋਂ ਉਤਾਂਹ ਉਠਿਆ ਜਾ ਸਕਦਾ ਹੈ। ਇਸ ਲਈ ਉਸ ਵਿਚ

ਉਨ੍ਹਾਂ ਸਾਰਿਆਂ ਨੂੰ ਜਿਨ੍ਹਾਂ ਨੂੰ ਰੂਹਾਨੀ ਜੀਵਨ ਦੀ ਖ਼ਾਲਸੇ ਵਾਲੀ ਸਥਿਤੀ ਪ੍ਰਾਪਤ ਹੈ, ਹੀ ਗੁਰੂ ਗੋਬਿੰਦ ਸਿੰਘ ਦੇ ਘਰ ਵਿਚ ਥਾਂ ਮਿਲਦੀ ਹੈ ਅਤੇ ਉਹ ਸਾਡੇ ਹਨ। ਪੰਥ ਦਾ ਪਸਾਰਾ, ਹਵਾ, ਪਾਣੀ, ਅੱਗ, ਬੱਦਲਾਂ, ਸੂਰਜ ਅਤੇ ਤਾਰਿਆਂ ਵਿਚ ਹੈ। ਮੈਂ ਇਸ ਪਵਿੱਤਰ ਗੁਪਤ ਪੰਥ ਦੀ ਜੈ-ਜੈਕਾਰ, ਫੁੱਲਾਂ ਦੀਆਂ ਪੱਤੀਆਂ, ਪ੍ਰਕਿਰਤਕ ਨਜ਼ਾਰਿਆਂ ਦੀ ਸੁੰਦਰਤਾ ਤੋਂ ਘੜੇ ਸੰਗੀਤ ਰੂਪੀ ਬੁੱਤਾਂ ਤੋਂ ਸੁਣਦਾ ਹਾਂ। ਬੱਦਲ ਮੇਰੇ ਨਾਲ ਹਮਦਰਦੀ ਕਰਦਾ ਹੈ ਅਤੇ ਸੂਰਜ ਦਾ ਮੇਰੇ ਪ੍ਰਤੀ ਪਿਆਰ ਅਸੀਮ ਅਤੇ ਬਿਨਾਂ ਕਿਸੇ ਸ਼ਰਤ ਤੋਂ ਹੈ।

ਰਹਿਣ, ਉਸ ਦਾ ਜਾਪ ਜਪਣ, ਉਸ ਵਿਚ ਫਨਾਹ ਹੋ ਜਾਣ, ਉਸ ਦੇ ਪਿਆਰ ਵਿਚ, ਮਨੁੱਖ ਉਹ ਸਾਹਸ ਪ੍ਰਾਪਤ ਕਰਦਾ ਹੈ, ਜੋ ਸਦਾ ਅਗੰਮੀ ਹੈ ਅਤੇ ਨਿਰ-ਸੁਆਰਥ ਹੈ। ਰੂਹ ਦੀ ਅਸਲੀ ਪ੍ਰਕਿਰਤੀ ਨਿਸ਼ਕਾਮਤਾ ਹੈ। ਨਾਮ ਰਾਹੀਂ ਪਹਿਲਾਂ ਆਪਣੇ ਆਪ ਦੀ ਪਛਾਣ ਇਸ ਪੰਥ ਦਾ ਜੀਵਨ ਹੈ। ਇਸ ਤਰ੍ਹਾਂ ਇਸ ਸੰਘਰਸ਼ਮਈ ਭੌਤਿਕ ਸੰਸਾਰ ਵਿਚ ਸਰੀਰਕ ਉਦਮ ਰਾਹੀਂ ਰੂਹਾਨੀ ਪ੍ਰਵਿਰਤੀ ਨੂੰ ਬਣਾਈ ਰੱਖਣਾ ਹੈ।

> ਮੈਂ ਇਥੇ ਕਹਿ ਦੇਣਾ ਚਾਹੁੰਦਾ ਹਾਂ ਕਿ ਗੁਰੂ ਸਾਹਿਬਾਨ ਦਾ ਧਰਮ, ਨਿਰਸੰਦੇਹ ਕੁਦਰਤ ਅਤੇ ਰੂਹ ਦਾ ਧਰਮ ਹੈ। ਇਹ ਬ੍ਰਾਹਮਣਾਂ ਦੇ ਅਧਿਆਤਮਕ ਅਤੇ ਦਾਰਸ਼ਨਿਕ ਬਕੜਵਾਦ ਤੋਂ ਬਿਲਕੁਲ ਵੱਖਰਾ ਹੈ। ਅੰਤਮ ਦਿਮਾਗੀ ਧਾਰਨਾਵਾਂ, ਜਿਹਾ ਕਿ ਬ੍ਰਾਹਮਣੀ ਦਾਰਸ਼ਨਿਕ ਅਨੁਮਾਨਾਂ ਰਾਹੀਂ ਪੇਸ਼ ਕੀਤੀਆਂ ਜਾਂਦੀਆਂ ਹਨ, ਦੁਆਰਾ ਘੜੀ ਹਕੀਕਤ ਨਾਲ ਇਸ ਦਾ ਕੋਈ ਸੰਬੰਧ ਨਹੀਂ। ਇਹ ਧਾਰਨਾਵਾਂ ਮਰ ਚੁੱਕੀਆਂ ਹਨ। ਗੁਰੂ ਸਾਹਿਬਾਨ ਦਾ ਮਜ਼੍ਹਬ ਸੰਖੇਪ ਵਿਚ, ਜੀਵਨ ਜਾਚ, ਅਗੰਮੀ ਜੋਤ ਨੂੰ ਜਗਦੇ ਰੱਖਣ ਦਾ ਹੈ।

ਦਾਨ ਦੇਣਾ : ਆਪਣਾ ਸਭ ਕੁਝ ਦੇ ਦੇਣਾ, ਕੁਦਰਤੀ ਹਮਦਰਦੀ ਕਾਰਨ, ਜੀਵਨ ਪ੍ਰਤੀ ਅਸੀਮ ਫ਼ਲਸਫ਼ੀਆਨਾ ਵੈਰਾਗ ਵਿਚ ਅਤੇ ਅਸੀਮ ਵਿਚ ਪਰੰਤੂ ਚੁੱਪ ਚਾਪ ਬਿਨਾਂ ਧੱਕੇ, ਬਿਨਾਂ ਜਬਰ, ਫੁੱਲ ਜਾਂ ਦਰਿਆ ਵਾਂਗ ਮਨੁੱਖਤਾ ਦੀ ਭਲਾਈ ਦੇ ਚਾਓ ਨਾਲ। ਇਹ ਉਚਿਆਏ ਜੀਵਨ ਦੀ ਹੀ ਪ੍ਰਵਿਰਤੀ ਹੈ ਜੋ ਬਿਨਾਂ ਜਾਣੇ ਦਿੰਦੀ ਹੈ। ਜਿਵੇਂ ਗਰਮ ਪਦਾਰਥ ਦੁਆਲੇ ਦੇ ਠੰਡਿਆਂ ਪਦਾਰਥਾਂ ਨੂੰ ਸ਼ਕਤੀ ਦੇ ਫ਼ਰਕ ਕਾਰਨ ਹੀ ਆਪਣੇ ਆਪ ਗਰਮਾ ਦਿੰਦੇ ਹਨ, ਇਸ ਤਰ੍ਹਾਂ ਕਰਦਾ ਹੈ ਗੁਰੂ ਗੋਬਿੰਦ ਸਿੰਘ ਦੇ ਪੰਥ ਦਾ ਮੈਂਬਰ।

ਦਾਨ ਦਾ ਭਾਵ, ਨਿਰਸੰਦੇਹ, ਗੁਰੂ ਸਾਹਿਬ ਦੇ ਪੰਥ ਵਿਚ ਸੁਚੇਤ ਰੂਪ ਵਿਚ ਖ਼ੈਰਾਤ ਜਾਂ ਦਾਨ ਦੇਣ ਤੋਂ ਨਹੀਂ। "ਸਭ ਕੁਝ ਗੁਰੂ ਦਾ ਹੈ" ਇਸੇ ਤਰ੍ਹਾਂ ਖ਼ਾਲਸਾ ਮਹਿਸੂਸਦਾ ਹੈ, "ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ"। ਅਜਿਹੀ ਸਨੇਹ-ਮਈ ਪ੍ਰਵਿਰਤੀ ਕਿਸੇ ਸਮਾਜਿਕ ਜ਼ਾਬਤੇ ਜਾਂ ਨਿਯਮਾਂ ਅਧੀਨ ਨਹੀਂ ਆਉਂਦੀ। ਇਸ ਵਿਚ ਕੁਝ ਵੀ ਮਕਾਨਕੀ ਨਹੀਂ। ਇਹ ਗਹਿਰਾ ਅਤੇ ਸੰਜੀਵ ਹੈ। ਖ਼ਾਲਸੇ ਦੀ ਇਹ ਖ਼ੈਰਾਤ ਦਰਿਆਵਾਂ ਵਾਂਗ ਉਸ ਦੇ ਆਪੇ ਵਿਚੋਂ ਨਿਕਲ ਤੁਰਦੀ ਹੈ। ਖ਼ਾਲਸਾ ਆਪਣਾ ਆਪਾ, ਆਪਣੀ ਮਿਹਨਤ, ਆਪਣਾ ਹੱਡ ਮਾਸ, ਆਪਣਾ ਜੀਵਨ ਅਤੇ ਆਪਣੀ ਰੂਹ ਵੀ ਆਪਣੇ ਮਾਲਕ, ਮਹਿਬੂਬ ਤੋਂ ਨਿਛਾਵਰ ਕਰ ਚੁੱਕਾ ਹੈ।

ਇਸ਼ਨਾਨ : ਸਰੀਰ ਦਾ ਠੰਡੇ ਪਾਣੀ ਨਾਲ ਨਹਾਉਣਾ, ਮਨ ਦਾ ਅੰਮ੍ਰਿਤ ਦੇ ਚਸ਼ਮੇ ਵਿਚ ਅਤੇ ਰੂਹ ਦਾ ਉਸ ਦੇ ਪਿਆਰ ਵਿਚ ਗੋਤਾ ਲਾਉਣਾ ਇਸ਼ਨਾਨ ਹੈ।

ਕਿਰਤ ਕਰਨਾ : ਇਹ ਚਿੰਨ੍ਹਾਤਮਕ ਦਾਨ ਹੈ, ਜੋ ਗੁਰੂ ਗੋਬਿੰਦ ਸਿੰਘ ਦੇ ਪੰਥ ਨੂੰ ਮਿਹਨਤ-ਕਸ਼ਾਂ ਦੀ ਸਾਰੀ ਲੁਕਾਈ ਨਾਲ ਜੋੜਦਾ ਹੈ। ਗੁਰੂ ਪਾਸ ਕੋਈ ਅਮੀਰ ਨਹੀਂ। ਉਸ ਦੇ ਪੰਥ ਵਿਚ ਕੋਈ ਵਿਹਲੜ ਅਮੀਰ ਨਹੀਂ ਉਸ ਲਈ ਤਾਂ ਕੋਈ ਥਾਂ ਨਹੀਂ, ਸਾਰਿਆਂ ਨੂੰ ਕਿਰਤ ਕਰਨੀ ਪੈਂਦੀ ਹੈ, ਅੰਨ੍ਹ ਪੈਦਾ ਕਰਨ ਲਈ ਪਸੀਨਾ ਵੀਟਣਾ ਪੈਂਦਾ ਹੈ, ਲੋਹੇ, ਲੱਕੜੀ ਅਤੇ ਪੱਥਰ ਵਿਚੋਂ ਨਵੇਂ ਰੂਪ ਘੜਣੇ ਪੈਂਦੇ ਹਨ, ਕੰਮ ਕਰਨਾ, ਕਿਰਤ ਕਰਨੀ ਅਤੇ ਮਿਹਨਤ ਦੀ ਕਮਾਈ ਦਾ ਵੀ ਤਿਆਗ ਅਤੇ ਇਸ ਸੁਤੇ ਸਿੱਧ ਤਿਆਗ ਕਾਰਨ ਗੁਰੂ ਅਤੇ ਅੱਜ ਦੇ ਕਾਮਗਰਾਂ ਵਿਚਾਲੇ ਫ਼ਰਕ ਸਪੱਸ਼ਟ ਹੈ।

ਵੰਡ ਛਕਣਾ : ਕਿਰਤ ਕਮਾਈ ਦੀ ਇਕਸਾਰ ਵੰਡ। "ਉਹ ਰੋਟੀ ਨਾ ਖਾ, ਜੋ ਤੂੰ ਆਪਣੇ ਖ਼ਾਲਸਾ ਵੀਰ ਨੂੰ ਨਹੀਂ ਵੰਡੀ।"

ਗੁਰੂ ਗੋਬਿੰਦ ਸਿੰਘ ਵਰਤਮਾਨ ਯੁੱਗ ਦੇ ਗੁਰੂ ਹਨ। ਉਹ ਅਵਤਾਰ ਹਨ, ਜਿਨ੍ਹਾਂ ਨੇ ਮਨੁੱਖੀ ਸਮਾਜ ਦੀ ਨਾਮ, ਦਾਨ, ਇਸ਼ਨਾਨ, ਕਿਰਤ ਕਰਨ, ਵੰਡ ਛਕਣ ਦੇ ਆਧਾਰ 'ਤੇ ਪੰਥ ਦੇ ਰੂਪ ਵਿਚ ਪੁਨਰ ਉਸਾਰੀ ਕੀਤੀ ਹੈ।

ਨਾਮ, ਮੁਕੰਮਲ ਅਤੇ ਸੰਪੂਰਨ ਤਿਆਗ ਅਤੇ ਸਰੀਰ, ਮਨ ਅਤੇ ਰੂਹ ਦਾ ਅਸੀਮ ਵਿਚ ਇਸ਼ਨਾਨ। ਹਰੇਕ ਮਨੁੱਖ ਮਾਤਰ ਲਈ, ਕਿਰਤ ਕਰਨਾ, ਪੈਦਾ ਕਰਨਾ ਅਤੇ ਇਸ ਕਮਾਈ ਦਾ ਕਿਸੇ ਨਿਰਾਸ਼ਾਮਈ ਭਾਵਨਾ ਅਧੀਨ ਤਿਆਗ ਨਹੀਂ, ਸਗੋਂ ਦਿਲੋਂ ਵਜੋਂ ਇਸ ਕਮਾਈ ਨੂੰ ਆਪਣੇ ਖ਼ਾਲਸਾ ਭਰਾਵਾਂ ਵਿਚ ਵੰਡ ਦੇਣਾ, ਲਾਜ਼ਮੀ ਰੂਹਾਨੀ ਲੋੜ ਹੈ। ਜੇ ਪੰਜਾਬ ਦੇ ਸਿੱਖ ਸਾਨੂੰ ਗੁਰੂ ਗੋਬਿੰਦ ਸਿੰਘ ਦੇ ਮਹਾਨ ਨਿਰਮਲ ਪੰਥ ਦੀ ਮਾੜੀ ਜਿਹੀ ਯਾਦ ਦਿਵਾਉਂਦੇ ਹਨ ਤਾਂ ਇਹ ਕੀ ਵੱਡੀ ਗੱਲ ਹੈ, ਜਦੋਂਕਿ ਸਾਰਾ ਸੰਸਾਰ ਅੰਦਰੋਂ ਅੰਦਰੇ ਇਸ ਨੂੰ ਅਪਨਾਉਣ ਦੀ ਦਿਲੀ ਇੱਛਾ ਕਰ ਰਿਹਾ ਹੈ।

ਇਥੇ ਗੁਰੂ ਦਾ ਸਾਰੇ ਸੰਸਾਰ ਨੂੰ ਸੱਦਾ ਹੈ ਅਤੇ ਸਾਡੇ ਵਿਚੋਂ ਕੌਣ ਗੁਰੂ ਗੋਬਿੰਦ ਸਿੰਘ ਪ੍ਰਤੀ ਸਾਰੇ ਸੰਸਾਰ ਦੇ ਅਸਪੱਸ਼ਟ ਅਤੇ ਅਚੇਤ ਪਰ ਜ਼ੋਰਦਾਰ ਹੁੰਗਾਰੇ ਨੂੰ ਨਹੀਂ ਵੇਖਦਾ? ਉਸ ਦੀ ਪ੍ਰਤਿਭਾ ਨੂੰ ਸਮਝਣ ਲਈ ਮਨੁੱਖ ਨੂੰ ਸਦੀਆਂ ਲੱਗਣਗੀਆਂ, ਜਦੋਂ ਉਹ ਗੁਰੂ ਸਾਹਿਬ ਦੇ ਰੂਹਾਨੀ ਪੰਥ ਨੂੰ ਪਾ ਲਵੇਗਾ।

ਯਕੀਨਨ ਭਾਰਤ ਦੇ ਗੁਲਾਮਾਂ ਨੇ ਉਸ ਨੂੰ ਅਜੇ ਤੱਕ ਨਾ ਹੀ ਸਮਝਿਆ ਅਤੇ ਨਾ ਹੀ ਉਸ ਦੀ ਪ੍ਰਤਿਭਾ ਨੂੰ ਸਮਝਣ ਦੇ ਯੋਗ ਹਨ। ਉਸ ਦੀ ਮਹਾਨ ਸ਼ਖ਼ਸੀਅਤ ਦਾ ਪਰਛਾਵਾਂ ਬਹੁਤ ਦੂਰ ਸਦੀਆਂ ਤੋਂ ਪਰ੍ਹੇ ਤੱਕ ਪੈਂਦਾ ਹੈ ਅਤੇ ਭਾਰਤ ਦੇ ਅਖੌਤੀ ਮਹਾਨ ਵਿਦਵਾਨ, ਜਦੋਂ ਗੁਰੂ ਨੂੰ ਸਮਝਣ ਦਾ ਮਨ ਬਣਾਉਂਦੇ ਹਨ ਕੇਵਲ ਕੰਡਿਆਂ ਨਾਲ ਝਰੀਟੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਗੁਰੂ ਨਾਨਕ ਜਿੰਨਾ ਰੂਹਾਨੀਅਤ ਵਾਲਾ ਨਾ ਸਮਝ ਕੇ ਛੱਡ ਦਿੰਦੇ ਹਨ। ਇਸ ਤੋਂ ਉਨ੍ਹਾਂ ਦੁਆਲੇ ਪਸਰੇ ਹਨੇਰੇ ਦਾ ਹੀ ਅਨੁਭਵ ਹੁੰਦਾ ਹੈ, ਜੋ ਉਹ ਗੁਰੂ ਗੋਬਿੰਦ ਸਿੰਘ ਵਿਚ ਗੁਰੂ ਨਾਨਕ ਦੇ ਉਚੇ ਅਤੇ ਚਮਕਦੇ ਸਿਖ਼ਰ ਨੂੰ ਨਹੀਂ ਵੇਖ ਸਕਦੇ। ਯਕੀਨਨ ਉਹ ਧਾਰਮਿਕ ਵਿਚਾਰਧਾਰਾ ਦੀ ਕ੍ਰਾਂਤੀ ਦੇ ਸ਼ਹਿਨਸ਼ਾਹ ਨੂੰ ਨਹੀਂ ਸਮਝ ਸਕੇ। ਉਸ ਦੇ ਇਕ ਨਿਮਰਤਾ ਭਰੇ ਸ਼ਬਦ ਵਿਚ ਵੀ ਅਸੰਖਾਂ ਲਾਟਾਂ ਹਨ, ਜੋ ਬਿਜਲੀ ਵਾਂਗ ਅਸੰਖਾਂ ਸ਼ਮਸ਼ੀਰਾਂ ਹੋ ਟੁਟਦੀਆਂ ਹਨ, ਜੋ ਮਨੁੱਖੀ ਖ਼ੂਨ ਵਿਚ ਹਲੂਲ ਕਰ ਜਾਂਦੀਆਂ ਹਨ, ਨਾਮ, ਜਿਸ ਦੇ ਜਪਣ ਨੇ ਕਿਰਤ ਕਰਦੇ ਮਨੁੱਖ ਦੀ ਪਿਆਰ, ਕਿਰਤ ਅਤੇ ਸੰਪੂਰਨ ਤਿਆਗ ਦੀ ਭਾਵਨਾ ਤੇ ਸੰਭਾਵੀ ਸਲਤਨਤ ਦੀ ਬੁਨਿਆਦ ਰੱਖਣੀ ਹੈ।

ਵਿਚਾਰਕਾਂ ਨੇ ਅਜੇ ਦਸ ਗੁਰੂ ਸਾਹਿਬਾਨ ਦੇ ਵਿਚਾਰਾਂ, ਜਿਨ੍ਹਾਂ ਨੂੰ ਪ੍ਰਗਟਾਉਣ ਲਈ ਵਰਤੀ ਗਈ ਬ੍ਰਾਹਮਣੀ ਭਾਸ਼ਾ ਕਾਰਨ ਅਤੇ ਵਿਰੋਧੀ ਬ੍ਰਾਹਮਣੀ ਮਾਹੌਲ, ਜੋ ਸਦਾ ਮਨੁੱਖ ਦੇ ਅਸਲੀ ਸੱਭਿਆਚਾਰਕ ਵਿਕਾਸ ਵਿਚ ਬਾਧਕ ਰਿਹਾ ਹੈ, ਦੀ ਮਹਾਨਤਾ ਨੂੰ ਸਮਝਣਾ ਹੈ।

ਗੁਰੂ ਸਾਹਿਬਾਨ ਦੀ ਪ੍ਰਤਿਭਾ ਆਪਣੇ ਕ੍ਰਾਂਤੀਕਾਰੀ ਵਿਚਾਰ, ਉਸ ਵਿਸ਼ੇਸ਼ ਦੇਸੀ ਭਾਸ਼ਾ ਵਿਚ, ਆਪਣੇ ਵਿਚਾਰਾਂ ਦਾ ਵਿਰੋਧ ਕਰਦੇ ਹੋਏ,

ਪ੍ਰਗਟ ਕਰਦੀ ਹੈ ਅਤੇ ਆਪਣੇ ਵਿਚਾਰਾਂ ਦੇ ਮੱਥੇ 'ਤੇ ਪਈਆਂ ਪਰਸਪਰ ਕਟਦੀਆਂ ਲਕੀਰਾਂ ਅਤੇ ਵਿਚਾਰ ਮੰਡਲਾਂ ਨੂੰ ਆਪਣੇ ਜੀਵਨ ਅਤੇ ਕਾਰਨਾਮਿਆਂ ਦੇ ਅਨੁਕਰਣ ਵਿਚ ਅਤੇ ਪਿਆਰ ਅਤੇ ਸੰਪੂਰਨ ਤਿਆਗ ਦਾ, ਜੋ ਪੰਥ ਉਨ੍ਹਾਂ ਸਾਜਿਆ, ਨੂੰ ਪੜ੍ਹਨ ਲਈ ਪਾਠਕ 'ਤੇ ਛੱਡ ਦਿੰਦੀ ਹੈ। ਮੇਰਾ ਇਹ ਵਿਸ਼ਵਾਸ ਹੈ ਕਿ ਇਕ ਰਾਤ ਵਿਚ ਅਤੇ ਇਕ ਦਿਨ ਵਿਚ ਜਦੋਂ ਗੁਰੂ ਸਾਹਿਬ ਦੇ ਵਿਚਾਰ, ਜੋ ਕਿ ਧਰਮ ਅਤੇ ਜੀਵਨ ਜਾਚ ਸਬੰਧੀ ਪੂਰਬੀ ਵਿਚਾਰਾਂ ਵਿਚ ਮੁਕੰਮਲ ਕ੍ਰਾਂਤੀ ਹਨ, ਵੇਖੇ ਜਾਣ ਅਤੇ ਜੇ ਇਹ ਸੰਪੂਰਨ ਸਾਦਗੀ ਨਾਲ ਅਤੇ ਸੁਯੋਗ ਭਾਸ਼ਾ ਵਿਚ ਬਿਆਨ ਕੀਤੇ ਜਾਣ ਤਾਂ ਦਸਾਂ ਗੁਰੂ ਸਾਹਿਬਾਨ ਦੀ ਚੇਤਨਤਾ ਸਾਰੇ ਮਨੁੱਖੀ ਸੱਭਿਆਚਾਰ 'ਤੇ ਛਾ ਜਾਵੇਗੀ। ਉਨ੍ਹਾਂ ਦੀ ਵਡਿਆਈ ਦੀ ਸਾਖੀ ਮਨੁੱਖ ਦੀ ਬਹੁ-ਪੱਖੀ ਉਨਤੀ ਦੀਆਂ ਕਈ ਸਦੀਆਂ ਨੇ ਭਰਨੀ ਹੈ। ਮੈਂ ਇਨ੍ਹਾਂ ਵਿਚਾਰਾਂ ਦੀ ਕ੍ਰਾਂਤੀਕਾਰੀ ਭਾਵਨਾ ਬਾਰੇ ਕਿਤੇ ਹੋਰ ਵਿਚਾਰ ਕਰਾਂਗਾ ਪਰ ਮੈਂ ਇਥੇ ਕਹਿ ਦੇਣਾ ਚਾਹੁੰਦਾ ਹਾਂ ਕਿ ਗੁਰੂ ਸਾਹਿਬਾਨ ਦਾ ਧਰਮ, ਨਿਰਸੰਦੇਹ ਕੁਦਰਤ ਅਤੇ ਰੂਹ ਦਾ ਧਰਮ ਹੈ। ਇਹ ਬ੍ਰਾਹਮਣਾਂ ਦੇ ਅਧਿਆਤਮਕ ਅਤੇ ਦਾਰਸ਼ਨਿਕ ਬਕੜਵਾਦ ਤੋਂ ਬਿਲਕੁਲ ਵੱਖਰਾ ਹੈ।ਅੰਤਮ ਦਿਮਾਗੀ ਧਾਰਨਾਵਾਂ, ਜਿਹਾ ਕਿ ਬ੍ਰਾਹਮਣੀ ਦਾਰਸ਼ਨਿਕ ਅਨੁਮਾਨਾਂ ਰਾਹੀਂ ਪੇਸ਼ ਕੀਤੀਆਂ ਜਾਂਦੀਆਂ ਹਨ, ਦੁਆਰਾ ਘੜੀ ਹਕੀਕਤ ਨਾਲ ਇਸ ਦਾ ਕੋਈ ਸਬੰਧ ਨਹੀਂ। ਇਹ ਧਾਰਨਾਵਾਂ ਮਰ ਚੁੱਕੀਆਂ ਹਨ। ਗੁਰੂ ਸਾਹਿਬਾਨ ਦਾ ਮਜ਼ੑਬ ਸੰਖੇਪ ਵਿਚ, ਜੀਵਨ ਜਾਚ, ਅਗੰਮੀ ਜੋਤ ਨੂੰ ਜਗਦੇ ਰੱਖਣ ਦਾ ਹੈ। ਇਹ ਅਧਿਆਤਮਕ ਜਾਂ ਧਰਮ ਸ਼ਾਸਤਰਾਂ ਅਨੁਸਾਰ ਹੋਣ ਦੀ ਬਜਾਏ ਵਧੇਰੇ ਕਲਾਮਈ ਹੈ ਅਤੇ ਇਹ ਕਿਰਤ, ਕਾਰੀਗਰੀ ਮਨੁੱਖ, ਕੁਦਰਤ ਅਤੇ ਉਨ੍ਹਾਂ ਦੀ ਘਾੜਤ ਵਿਚਲੇ ਹੁਸਨ ਦੀ ਪ੍ਰਸ਼ੰਸਾ ਨਾਲ ਭਰਪੂਰ ਹੈ। ਇਸ ਵਿਚ ਅਸੀਮ ਖ਼ੁਸ਼ੀ ਹੈ ਅਤੇ ਅਸੀਮ ਗ਼ਮ ਵੀ ਹਨ। ਗੁਰੂ ਪ੍ਰਣਾਲੀ ਵਿਚ ਖ਼ੁਸ਼ੀ, ਜੀਵਨ ਦੇ ਗ਼ਮਾਂ ਦੇ ਰੁੱਖ 'ਤੇ ਖਿੜਿਆ ਫੁੱਲ ਹੈ। ਜਿਨ੍ਹਾਂ ਨੂੰ ਜੀਵਨ ਵਿਚ ਗ਼ਮ ਦਾ ਅਹਿਸਾਸ ਪ੍ਰਾਪਤ ਨਹੀਂ ਹੋਇਆ, ਉਨ੍ਹਾਂ ਲਈ ਨਿਰੀ ਖ਼ੁਸ਼ੀ ਹੌਕੇ ਭਰੀ, ਧੋਖਾ ਅਤੇ ਟਹਿਣੀਓਂ ਟੁੱਟੇ ਫੁੱਲ ਦੇ ਮੁਰਝਾਉਣ ਸਮੇਂ ਦੇ ਰੰਗਾਂ ਵਾਂਗ ਤਤਵਹੀਣ ਹੈ।



ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਪੰਥ ਇਕ ਅਜਿਹਾ ਸੰਘ ਹੈ ਜਿਸ ਵਿਚ ਇਸਤ੍ਰੀਆਂ ਖੁੱਲ੍ਹਾ ਅਤੇ ਬਰਾਬਰ ਭਾਗ ਲੈਂਦੀਆਂ ਹਨ। ਪੂਰਬ ਦੇ ਇਤਿਹਾਸ ਵਿਚ ਪਹਿਲੀ ਵਾਰੀ ਇਸਤਰੀ ਨੂੰ ਮਰਦਾਂ ਦੇ ਬਰਾਬਰ ਹੱਕ ਮਿਲਿਆ ਹੈ। ਗੁਰੂ ਸਾਹਿਬਾਨ ਵਲੋਂ ਰਚੇ ਗਏ ਸਿੱਖ ਸਾਹਿਤ ਵਿਚ ਸਿੱਖਣੀ ਸ਼ਬਦ ਕਿਤੇ ਨਹੀਂ ਮਿਲਦਾ। 'ਅਨੁਯਾਈ' ਜਾਂ 'ਸਿੱਖ' ਲਿੰਗ-ਰਹਿਤ ਨਾਂਵ ਹੈ। ਇਹ ਨਾਮਕਰਣ ਸਭ ਨੂੰ ਦਿੱਤਾ ਜਾਂਦਾ ਹੈ, ਜੋ ਸੰਗਤ ਵਿਚ ਆਉਂਦਾ ਹੈ। ਮੈਂ ਸ਼ਰਮਿੰਦਾ ਹਾਂ ਕਿ ਹਿੰਦੂ ਜਾਏ ਸਿੱਖਾਂ ਦੇ ਪੁਰਾਣੇ ਸਮਾਜਿਕ ਰੁਝਾਨ ਕਾਰਨ 'ਸਿੱਖਣੀ' ਜਾਂ 'ਸਿੰਘਣੀ' ਦੇ ਸ਼ਬਦ ਸ਼ਾਮਲ ਕਰ ਦਿੱਤੇ ਗਏ ਹਨ।

ਬੁੱਧ ਨੇ ਆਪਣੇ ਨੇਕ ਅਤੇ ਪਿਆਰੇ ਚੇਲੇ ਆਨੰਦ ਦੇ ਜ਼ੋਰ ਦੇਣ 'ਤੇ 'ਨਨਾਂ' (ਇਸਤ੍ਰੀ ਪੈਰੋਕਾਰ) ਦੀ ਪ੍ਰਣਾਲੀ ਚਲਾਈ ਅਤੇ ਈਸਾ ਮਸੀਹ ਦੇ ਦੁਆਲੇ ਇਕੱਠੇ ਹੋਏ ਬਹੁਤ ਸਾਰੇ ਪੈਰੋਕਾਰਾਂ ਵਿਚ ਮਹਾਨ ਪੈਰੋਕਾਰ ਫ਼ਲਸਤੀਨ ਦੀਆਂ ਇਸਤ੍ਰੀਆਂ ਹਨ ਪਰ ਇਥੇ ਤਾਂ ਪਿਆਰ ਦੇ ਸੇਵਕਾਂ, ਮਰਦਾਂ ਅਤੇ ਇਸਤ੍ਰੀਆਂ ਲਈ ਸਿੱਖੀ ਅਤੇ ਪਿਆਰ ਦੇ ਬਰਾਬਰ ਦੇ ਅਧਿਕਾਰਾਂ 'ਤੇ ਸਮਾਜ ਦੀ ਪੁਨਰ-ਉਸਾਰੀ ਕੀਤੀ ਗਈ ਹੈ। ਗੁਰੂ ਸਾਹਿਬਾਨ ਦਾ ਆਦਰਸ਼ ਲਾਸਾਨੀ ਅਤੇ ਕ੍ਰਾਂਤੀਕਾਰੀ ਹੈ।

ਆਓ! ਫਿਰ ਉਹ ਪੰਜਾਬ ਦੇ ਸਿੱਖ ਨੌਜਵਾਨੋ ਅਤੇ ਉਸ ਦੇ ਨਾਮ ਤੋਂ ਸਭ ਕੁਝ ਤਿਆਗ ਕੇ, ਗੁਰੂ ਦਾ ਝੰਡਾ ਬੁਲੰਦ ਅਤੇ ਝੂਲਦਾ ਰੱਖੋ। ਆਓ! ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਬਣੀਏ ਅਤੇ ਇਸ ਜੀਵਨ ਰੂਪੀ ਜੰਗਲ ਦੇ ਕੱਖ-ਕਾਨ ਵਰਗੇ ਅਖੌਤੀ ਅਵਤਾਰਾਂ ਤੇ ਫ਼ਿਰਕਿਆਂ, ਸਭਾਵਾਂ ਜਾਂ ਕਲੱਬਾਂ ਦੀ ਹੋ ਰਹੀ ਖੁੰਭਾਂ ਵਰਗੀ ਉਤਪਤੀ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦੇਈਏ। ਸਾਡੇ ਤੋਂ ਪਹਿਲਾਂ ਹੋਏ ਖ਼ਾਲਸੇ ਮੌਤੋਂ ਪਰੇ ਰਹਿੰਦੇ ਹਨ। ਉਹ ਸਾਡੀ ਮਦਦ ਲਈ ਸਾਡੇ ਪਾਸ ਆਉਂਦੇ ਹਨ, ਜੇ ਅਸੀਂ ਆਪਣਾ ਰੁਖ਼ ਉਨ੍ਹਾਂ ਵੱਲ ਕਰੀਏ ਅਤੇ ਇਮਦਾਦ ਮੰਗੀਏ। ਅਸੀਂ ਅਣਗਿਣਤ ਹਾਂ ਜੇ ਅਸੀਂ ਆਪਣੀ ਰੂਹ ਵਿਚ ਜਾਗੀਏ ਅਤੇ ਬਦੇਹੀ ਹੋ ਜਾਈਏ। ਸਰੀਰ ਨੂੰ ਕੇਵਲ ਵਾਹਨ ਵਾਂਗ ਰੱਖੀਏ ਜਿਵੇਂ ਕਿ ਇਸ ਸੰਘ ਦੇ ਮਹਾਨ ਸੰਗੀ, ਈਸਾ ਨੇ ਆਪਣੇ ਸਰੀਰ ਬਾਰੇ ਕਿਹਾ ਹੈ ਕਿ ਇਹ ਤਾਂ ਕੇਵਲ 'ਪਿਤਾ ਦੀ ਰੂਹ' ਦੀ ਵਾਹਨ ਤੋਂ ਛੁਟ ਕੁਝ ਵੀ ਨਹੀਂ।

ਆਓ! ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਬਣੀਏ ਅਤੇ ਇਸ ਜੀਵਨ ਰੂਪੀ ਜੰਗਲ ਦੇ ਕੱਖ-ਕਾਨ ਵਰਗੇ ਅਖੌਤੀ ਅਵਤਾਰਾਂ ਤੇ ਫ਼ਿਰਕਿਆਂ, ਸਭਾਵਾਂ ਜਾਂ ਕਲੱਬਾਂ ਦੀ ਹੋ ਰਹੀ ਖੁੰਭਾਂ ਵਰਗੀ ਉਤਪਤੀ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦੇਈਏ। ਸਾਡੇ ਤੋਂ ਪਹਿਲਾਂ ਹੋਏ ਖ਼ਾਲਸੇ ਮੌਤੋਂ ਪਰੇ ਰਹਿੰਦੇ ਹਨ। ਉਹ ਸਾਡੀ ਮਦਦ ਲਈ ਸਾਡੇ ਪਾਸ ਆਉਂਦੇ ਹਨ, ਜੇ ਅਸੀਂ ਆਪਣਾ ਰੁਖ਼ ਉਨ੍ਹਾਂ ਵੱਲ ਕਰੀਏ ਅਤੇ ਇਮਦਾਦ ਮੰਗੀਏ।

# ਸਭੇ ਸਾਂਝੀਵਾਲ ਸਦਾਇਨਿ



ਸਾਂਝੀਵਾਲਤਾ ਸਿੱਖ ਜੀਵਨ ਦਾ ਮੂਲ ਆਧਾਰ ਹੈ। ਪੰਜ ਤੰਤਰੀ ਪ੍ਰਣਾਲੀ ਇਸ ਦਾ ਚਜ-ਅਚਾਰ ਹੈ। ਪੰਜ ਪਿਆਰਿਆਂ, ਪੰਜ ਜੈਕਾਰਿਆਂ, ਪੰਜ ਤਖ਼ਤਾਂ ਦੀ ਗੱਲ ਬੱਚੇ-ਬੱਚੇ ਦੇ ਸੁਭਾਅ ਵਿਚ ਰਚੀ ਮਿਚੀ ਹੋਈ ਅਤੇ ਸ਼ਕਤੀਸ਼ਾਲੀ ਰੂਪ ਵਿਚ ਜੀਵਤ ਹੈ। 'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਉਪਦੇਸ਼ ਹਰ ਕਿਸੇ ਵਿਚ ਆਪਸੀ ਸਾਂਝ ਪੈਦਾ ਕਰਨ ਦਾ ਸੋਮਾ ਹੈ। '**ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ**' ਦੇ ਇਲਾਹੀ ਕਥਨ ਇਸ ਭਰਾਤ੍ਰੀ ਭਾਵਾਂ ਵਾਲੀ ਵਿਚਾਰ ਸੰਗਲੀ ਨੂੰ ਹੋਰ ਪਰਪੱਕ ਕਰਦੇ ਹਨ। ਸਿੱਖ ਗੁਰੂ ਸਾਹਿਬਾਨ ਨੇ '**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ**' ਦੀ ਭਾਵਨਾ ਬਲਵਾਨ ਕਰਕੇ ਇਹ ਭੇਦਭਾਵ ਹੀ ਮਿਟਾ ਦਿੱਤਾ ਕਿ ਇਕ ਮਨੁੱਖ ਦੂਜੇ ਨਾਲੋਂ ਜਾਤ-ਪਾਤ, ਕਰਮ-ਕਾਂਡ, ਗਰੀਬੀ-ਅਮੀਰੀ ਕਾਰਨ ਉਚਾ-ਨੀਵਾਂ ਜਾਂ ਵੱਡਾ-ਛੋਟਾ ਹੋ ਸਕਦਾ ਹੈ। ਸਭਨਾਂ ਵਿਚ ਇਕੋ ਅਕਾਲ ਪੁਰਖ ਦੀ ਜੋਤਿ ਬਿਰਾਜਮਾਨ ਹੈ, ਇਸ ਲਈ ਦੂਜੇ ਦਾ ਆਦਰ, ਮਾਣ, ਸਤਿਕਾਰ ਤੇ ਉਸ ਦੇ ਵਿਚਾਰਾਂ ਨੂੰ ਪੂਰਾ ਪੂਰਾ ਵਜ਼ਨ ਦੇਣਾ

ਸਾਡੇ ਤੀਰਥ ਅਸਥਾਨ ਸਰਬ ਮਾਨਵਤਾ ਦੇ ਸਾਂਝੇ ਤੀਰਥ ਹੋ ਕੇ ਸੰਸਾਰ ਦੇ ਧਾਰਮਿਕ ਨਕਸ਼ੇ 'ਤੇ ਉਭਰੇ ਜਿਨ੍ਹਾਂ ਵਿਚ ਹਰ ਅਕੀਦੇ ਦਾ ਪ੍ਰਾਣੀ ਬਰਾਬਰੀ ਦੇ ਆਧਾਰ 'ਤੇ ਬਿਨ੍ਹਾਂ ਇਮਤਿਆਜ਼, ਬਿਨਾਂ ਭੇਦ ਭਾਵ, ਬਿਨਾਂ ਡਰ, ਸੰਕੋਚ ਤੇ ਝਿਜਕ ਦੇ ਖੁੱਲ੍ਹੇ-ਆਮ ਵਿਚਰ ਸਕਦਾ ਹੈ। ਇਥੇ ਹੀ ਬੱਸ ਨਹੀਂ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਵੀ 'ਮੁਸਲਮਾਨ' ਕਹੇ ਜਾਣ ਵਾਲੇ ਪਰ ਰੱਬ ਦੇ ਉਪਾਸ਼ਕ ਦਰਵੇਸ਼ ਮੀਆਂ ਮੀਰ ਜੀ ਤੋਂ ਰਖਵਾ ਕੇ ਇਸ ਗੱਲ ਨੂੰ ਹੋਰ ਸੁਦ੍ਰਿੜ੍ਹ ਕਰ ਦਿੱਤਾ ਗਿਆ ਕਿ ਸਭ ਹੱਥ ਸੁੱਚੇ ਹਨ, ਮਨੁੱਖ, ਜੋ ਪ੍ਰਭੂ ਆਰਾਧਨਾ ਵਿਚ ਲੀਨ ਹੋਣ, ਉਹ ਉਚੇ ਹਨ।

ਗੁਰੂ ਦੇ ਸਿੱਖ ਲਈ ਜ਼ਰੂਰੀ ਹਦਾਇਤ ਹੈ, ਨਰੋਆ ਉਪਦੇਸ਼ ਹੈ।

'**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ**' ਵਾਲੇ ਪ੍ਰਭਾਵ ਦਾ ਸੁਭਾਵ ਕੰਠ ਕਰਵਾਉਣ ਲਈ ਮਹਾਨ ਗੁਰੂ ਸਾਹਿਬਾਨ ਨੇ ਲੰਗਰ, ਪੰਗਤ, ਸੰਗਤ ਸਾਂਝੀ ਕਰ ਦਿੱਤੀ, ਸਾਡੀ ਪੂਜਾ-ਅਰਚਨਾ, ਸਾਡਾ ਖਾਣ-ਪੀਣ ਤੇ ਇਸ਼ਨਾਨ ਸਾਂਝਾ ਕਰ ਦਿੱਤਾ। ਸਾਡੇ ਤੀਰਥ ਅਸਥਾਨ ਸਰਬ ਮਾਨਵਤਾ ਦੇ ਸਾਂਝੇ ਤੀਰਥ ਹੋ ਕੇ ਸੰਸਾਰ ਦੇ ਧਾਰਮਿਕ ਨਕਸ਼ੇ 'ਤੇ ਉਭਰੇ ਜਿਨ੍ਹਾਂ ਵਿਚ ਹਰ ਅਕੀਦੇ ਦਾ ਪ੍ਰਾਣੀ ਬਰਾਬਰੀ ਦੇ ਆਧਾਰ 'ਤੇ ਬਿਨ੍ਹਾਂ ਇਮਤਿਆਜ਼, ਬਿਨਾਂ ਭੇਦ ਭਾਵ, ਬਿਨਾਂ ਡਰ, ਸੰਕੋਚ ਤੇ ਝਿਜਕ ਦੇ ਖੁੱਲ੍ਹੇ-ਆਮ ਵਿਚਰ ਸਕਦਾ ਹੈ। ਇਥੇ ਹੀ ਬੱਸ ਨਹੀਂ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਵੀ 'ਮੁਸਲਮਾਨ' ਕਹੇ ਜਾਣ ਵਾਲੇ ਪਰ ਰੱਬ ਦੇ ਉਪਾਸ਼ਕ ਦਰਵੇਸ਼ ਮੀਆਂ ਮੀਰ ਜੀ ਤੋਂ ਰਖਵਾ ਕੇ ਇਸ ਗੱਲ ਨੂੰ ਹੋਰ ਸੁਦ੍ਰਿੜ੍ਹ ਕਰ ਦਿੱਤਾ ਗਿਆ ਕਿ ਸਭ ਹੱਥ ਸੁੱਚੇ ਹਨ, ਮਨੁੱਖ, ਜੋ ਪ੍ਰਭੂ ਆਰਾਧਨਾ ਵਿਚ ਲੀਨ ਹੋਣ, ਉਹ

ਉਚੇ ਹਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਸੱਚ, ਸ਼ਾਂਤੀ ਤੇ ਨਿਮਰਤਾ ਦਾ ਸੂਚਕ ਅਸਥਾਨ ਬਣਾਉਣ ਲਈ ਇਸ ਨੂੰ ਧਰਤੀ ਦੀ ਆਮ ਸਤ੍ਹਾ ਨਾਲੋਂ ਹੇਠਾਂ ਰੱਖਿਆ ਗਿਆ। ਇਸ ਦੇ ਚਾਰੇ ਪਾਸੇ ਰੱਖੇ ਗਏ ਦਰਵਾਜ਼ੇ ਇਸ ਗੱਲ ਦੇ ਲਖਾਇਕ ਬਣਾਏ ਗਏ ਕਿ ਸਿੱਖ ਧਰਮ ਅਸਥਾਨ ਕਿਸੇ ਇਕ ਫ਼ਿਰਕੇ, ਬਰਾਦਰੀ ਜਾਂ ਕੌਮ ਦੀ ਮਾਲਕੀ ਨਹੀਂ, ਸਗੋਂ ਰੱਬ ਦੇ ਇਹ ਘਰ ਹੋਣ ਕਾਰਨ ਉਸ ਦੇ ਸਭ ਪੁੱਤਰਾਂ, ਧੀਆਂ ਲਈ ਇਕੋ ਜਿਹੀ ਅਪਣੱਤ ਦੇ ਪ੍ਰਤੀਕ ਹਨ। ਗੁਰੂ ਦੇ ਦਵਾਰੇ 'ਤੇ ਸਭ ਦਾ ਇਕੋ ਜਿਹਾ ਸਵਾਗਤ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੇ ਲਾਸਾਨੀ ਗ੍ਰੰਥ ਵਿਚ ਵੀ ਕੇਵਲ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਹੀ ਅੰਕਿਤ ਨਹੀਂ ਕੀਤੀ ਗਈ, ਸਗੋਂ ੬ ਗੁਰੂ ਸਾਹਿਬਾਨ ਦੇ ਨਾਲ-ਨਾਲ ੩੦ ਹੋਰ ਮਹਾਂ-ਪੁਰਸ਼ਾਂ ਦੀ ਬਾਣੀ ਨੂੰ ਵੀ ਉਹੀ ਸਤਿਕਾਰਤ ਦਰਜਾ ਦਿੱਤਾ ਗਿਆ ਹੈ, ਜਿਹੜਾ ਗੁਰੂ ਸਾਹਿਬਾਨ ਦੀ ਬਾਣੀ ਨੂੰ ਪ੍ਰਾਪਤ ਹੋਇਆ ਹੈ। ਇਨ੍ਹਾਂ ੩੦ ਮਹਾਂ-ਪੁਰਸ਼ਾਂ ਵਿਚ ਰਾਜੇ ਵੀ ਸਨ ਤੇ ਰੰਕ ਵੀ। ਅਖੌਤੀ ਉਚੀਆਂ ਜਾਤੀਆਂ ਵਾਲੇ ਵੀ ਸਨ ਤੇ ਅਖੌਤੀ ਛੋਟੀਆਂ ਤੇ ਨੀਚ ਆਖੀਆਂ ਜਾਣ ਵਾਲੀਆਂ ਜਾਤਾਂ ਵਾਲੇ ਵੀ। ਹਿੰਦੂ, ਬ੍ਰਾਹਮਣ, ਖੱਤਰੀ ਵੀ ਸਨ ਅਤੇ ਮੁਸਲਮਾਨ, ਸੂਫ਼ੀ ਫ਼ਕੀਰ, ਦਰਵੇਸ਼ ਵੀ। ਜੇ ਪੰਜਾਬ ਦੇ ਮਹਾਂ-ਪੁਰਸ਼ਾਂ ਅਤੇ ਗੁਰਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪਣਾ ਸਥਾਨ ਪਾ ਸਕਦੇ ਹਨ ਤਾਂ ਮਹਾਂਰਾਸ਼ਟਰ, ਰਾਜਸਥਾਨ, ਗੁਜਰਾਤ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼, ਬੰਗਾਲ ਆਦਿ ਵਿਚ ਜਨਮੇ ਭਗਤਾਂ ਅਤੇ ਪ੍ਰਭੂ ਪਿਆਰਿਆਂ ਦੀ ਬਾਣੀ ਨੂੰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਉਸੇ ਸਤਿਕਾਰਤ ਭਾਵਨਾ ਵਿਚ ਦਰਜ ਕੀਤਾ ਗਿਆ ਹੈ। ਮੁੱਖ ਆਸ਼ਾ ਕੇਵਲ ਇਹੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੀ ਜਾਣ ਵਾਲੀ ਬਾਣੀ ਸਿੱਖ ਧਾਰਨਾ ਦੇ ਅਨੁਕੂਲ ਹੋਵੇ ਜਿਸ ਤੋਂ ਹਉਮੈ ਟੁੱਟੇ, ਸੇਵਾ ਤੇ ਸਿਮਰਨ ਦੀ ਸੁੱਚੀ ਲਗਨ ਸੁਦ੍ਰਿੜ ਹੋਵੇ, ਮਿਠਤ, ਪ੍ਰੇਮ-ਪਿਆਰ, ਨਿਮਰਤਾ, ਮਿਲਵਰਤਨ ਤੇ ਸਰਬ ਸਾਂਝੀਵਾਲਤਾ ਦਾ ਸ਼ਕਤੀਸ਼ਾਲੀ ਪ੍ਰਦਰਸ਼ਨ ਅਤੇ ਭਾਵਨਾ ਭਰਪੂਰ ਪਸਾਰਾ ਹੋਵੇ, ਜਿਸ ਵਿਚ ਮਾਨਵਤਾ ਲਈ ਸੱਚ ਤੇ ਸ਼ਾਂਤੀ ਦਾ ਸੰਦੇਸ਼ ਹੋਵੇ, ਸਰਬੱਤ ਦੇ ਭਲੇ ਦੀ ਲੋਚਾ ਦੀ ਉਤਪਤੀ ਦੀ ਪ੍ਰਬਲਤਾ ਹੋਵੇ ਅਤੇ ਜਿਸ ਦੁਆਰਾ ਆਤਮਿਕ ਤ੍ਰਿਪਤੀ, ਸਮਾਜਿਕ ਭਲਾਈ, ਇਖ਼ਲਾਕੀ ਹਿੰਮਤ ਅਤੇ ਆਰਥਿਕ ਸਵੈ-ਧੀਨਤਾ ਮਜ਼ਬੂਤ ਹੋ ਸਕੇ ਅਤੇ ਇਕੋ ਅਕਾਲ ਪੁਰਖ ਦੀ ਅਰਾਧਨਾ ਵਿਚ ਵਿਸ਼ਵਾਸ ਵਧੇ, ਲਿਵ ਜੁੜੇ ਅਤੇ ਹਰ ਪ੍ਰਕਾਰ ਦੇ ਭਰਮਾਂ-ਵਹਿਮਾਂ ਤੋਂ ਨਿਜਾਤ ਮਿਲੇ।

ਅੰਮ੍ਰਿਤ ਦੀ ਦਾਤ ਵੰਡੀ ਗਈ ਤਾਂ ਉਹ ਵੀ ਕਿਸੇ ਇਕ ਫ਼ਿਰਕੇ ਦੇ ਲੋਕਾਂ ਲਈ ਨਹੀਂ ਸੀ ਰੱਖੀ ਗਈ ਸਗੋਂ ਸਮੁੱਚੀ ਮਾਨਵਤਾ ਲਈ ਵਰਦਾਨ ਸੀ। ਜੇ ਪੰਜ ਪਿਆਰਿਆਂ ਵਿਚੋਂ ਇਕ ਪਿਆਰਾ ਖ਼ੱਤਰੀ, ਦੂਜਾ ਜੱਟ ਸੀ ਤਾਂ ਬਾਕੀ ਹੋਰ ਵਰਣਾਂ ਅਤੇ ਜਾਤਾਂ ਦੇ ਸਨ। ਇਸ ਤਰ੍ਹਾਂ ਭਿੰਨ-ਭਿੰਨ ਇਲਾਕਿਆਂ ਅਤੇ ਜਾਤਾਂ ਬਰਾਦਰੀਆਂ ਦੇ ਪੰਜ ਮਨੁੱਖਾਂ ਨੂੰ ਸਾਂਝੇ ਬਾਟੇ ਵਿਚ ਅੰਮ੍ਰਿਤ ਛਕਾ ਕੇ ਇਕ ਕਰਨ ਦੀ ਬੜੀ ਲਾਮਿਸਾਲ ਸੇਧ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤੀ, ਜਿਸ ਨਾਲ ਸਦੀਆਂ ਦੀਆਂ ਜਾਤਾਂ-ਪਾਤਾਂ ਦੀਆਂ ਜੰਜ਼ੀਰਾਂ ਦੀਆਂ ਕੜੀਆਂ ਟੁੱਟਣੀਆਂ ਪ੍ਰਾਰੰਭ ਹੋ ਗਈਆਂ। ਇਹ ਆਪਣੇ ਆਪ ਵਿਚ ਇਕ ਇਨਕਲਾਬੀ ਅਮਲ ਸੀ ਜੋ ਅਦੁੱਤੀ ਵੀ ਸੀ, ਅਲੌਕਿਕ ਵੀ ਸੀ ਤੇ ਗੌਰਵਸ਼ਾਲੀ ਵੀ। ਇਵੇਂ ਗੁਰਸਿੱਖੀ ਵਿਚ ਅਣਖ ਵਾਲੀ ਪਰ ਨਿਮਰਤਾ ਨਾਲ ਭਰੀ ਜੀਵਨ ਜਾਚ ਨੂੰ ਸ਼ਕਤੀ ਪ੍ਰਦਾਨ ਹੋਈ ਅਤੇ ਬਰਾਬਰੀ ਭਰੇ ਅਹਿਸਾਸ ਨੂੰ ਭਰਵਾਂ ਬਲ ਮਿਲਿਆ।

ਸਿੱਖ ਕੌਮ ਨਾਲ ਸਬੰਧਤ ਪੰਜ ਤਖ਼ਤ ਜਿਹੜੇ ਥਾਪੇ ਗਏ, ਉਹ ਵੀ ਭਾਰਤ ਦੇ ਵੱਖ-ਵੱਖ ਸੂਬਿਆਂ ਅਤੇ ਸ਼ਹਿਰਾਂ ਵਿਚ ਸੁਭਾਇਮਾਨ ਹਨ। ਜੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਹੈ ਤਾਂ ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਬਿਹਾਰ ਵਿਚ ਹੈ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ, ਦੱਖਣ ਮਹਾਂਰਾਸ਼ਟਰ ਵਿਚ ਹੈ। ਇਸੇ ਤਰ੍ਹਾਂ ਇਤਿਹਾਸਕ ਸਿੱਖ ਗੁਰਧਾਮ ਸਾਰੇ ਭਾਰਤ, ਪਾਕਿਸਤਾਨ, ਅਫ਼ਗਾਨਿਸਤਾਨ, ਨੇਪਾਲ, ਬਰਮਾ, ਇਰਾਕ, ਚੀਨ ਤੇ ਰੂਸ ਆਦਿ ਦੇਸ਼ਾਂ ਵਿਚ ਸਥਿਤ ਹਨ ਤੇ ਗੁਰੂ ਸਾਹਿਬਾਨ ਦੇ ਸੱਚ, ਪ੍ਰੇਮ ਅਤੇ ਸ਼ਾਂਤੀ ਦੇ ਵਿਸ਼ਵ-ਵਿਆਪੀ ਮਿਸ਼ਨ ਦੀ ਸਾਖੀ ਭਰਦੇ ਹਨ। ਇਨ੍ਹਾਂ ਧਾਰਮਿਕ ਗੁਰਧਾਮਾਂ ਦੇ ਨਾਲ-ਨਾਲ ਹੁਣ ਤਾਂ ਵਿਸ਼ਵ ਦਾ ਕੋਈ ਦੇਸ਼ ਐਸਾ ਨਹੀਂ ਰਿਹਾ ਹੋਣਾ ਜਿਸ ਵਿਚ ਖ਼ਾਲਸਈ ਨਿਸ਼ਾਨ ਸਾਹਿਬ ਨਾ ਝੂਲ ਰਿਹਾ ਹੋਵੇ ਤੇ ਉਥੇ ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਭਾਇਮਾਨ ਨਾ ਹੋਣ। ਇਨ੍ਹਾਂ ਅਸਥਾਨਾਂ ਤੋਂ ਹਰ ਕਿਸੇ ਨੂੰ ਸਿੱਖ ਰਹੁ-ਰੀਤੀ ਤੇ ਸੱਭਿਆਚਾਰ ਦੇ ਖੁੱਲ੍ਹੇ-ਡੁੱਲ੍ਹੇ ਦਰਸ਼ਨ ਹੋ ਰਹੇ ਹਨ ਅਤੇ ਸਰਬ ਲੁਕਾਈ ਸਿੱਖ ਦੇ ਨਿਵੇਕਲੇ ਸਰੂਪ ਅਤੇ ਵਿਲੱਖਣ ਜੀਵਨ ਜਾਚ ਨੂੰ ਸੁਚੇਤਾ ਨਾਲ ਦੇਖਣ ਲੱਗ ਪਈ ਹੈ।

ਗੁਰੂ ਸਾਹਿਬਾਨ ਨੇ ਗ੍ਰਹਿਸਥ ਆਸ਼ਰਮ ਵਿਚ ਰਹਿ ਕੇ ਮਾਨਵੀ ਸੇਵਾ ਅਤੇ ਇਕ ਅਕਾਲ ਪੁਰਖ ਦਾ ਸਿਮਰਨ ਕਰਨ ਦੀ ਜਿਹੜੀ ਤਾਕੀਦ ਕੀਤੀ ਹੈ, ਉਸ ਨੂੰ ਬਹੁਤ ਕੰਨ੍ਹਾਂ ਤੱਕ ਪਹੁੰਚਾਉਣ ਲਈ ਉਨ੍ਹਾਂ ਨੇ ਦੇਸ਼ ਦਿਸਾਂਤਰਾਂ ਦਾ ਰਟਨ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਲਗਭਗ ੨੪ ਸਾਲ ਇਸ ਕਾਰਜ ਲਈ ਸਫ਼ਰ ਕਰਕੇ ੩੯ ਹਜ਼ਾਰ ਕਿਲੋਮੀਟਰ ਦੇ ਬਿਖੜੇ ਪੈਦਲ ਸਫ਼ਰ ਰਾਹੀਂ ਸਾਂਝੀਵਾਲਤਾ ਤੇ ਭਰਾਤਰੀ ਭਾਵ ਦਾ ਪੈਗ਼ਾਮ ਘਰ-ਘਰ ਪਹੁੰਚਾਉਣ ਦੇ ਸਫ਼ਲ ਯਤਨ ਕੀਤੇ। ਜੇਕਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਾਮ ਜਪਣ, ਵੰਡ ਛਕਣ, ਕਿਰਤ ਕਰਨ, ਸਿਮਰਨ ਕਰਨ, ਅਣਖ ਨਾਲ ਜੀਊਣ ਪਰ ਹਲੀਮੀ ਧਾਰਨ ਕਰਨ ਅਤੇ ਨਿਸ਼ਕਾਮ ਸੇਵਾ ਕਰਕੇ ਸਰਬੱਤ ਦੇ ਭਲੇ ਦਾ ਅਮਲੀ ਉਪਦੇਸ਼ ਦਿੱਤਾ ਅਤੇ ਗੁਰਮਤਿ ਅਨੁਸਾਰੀ ਜੀਵਨ ਧਾਰਨ ਕਰਨ ਵੱਲ ਪ੍ਰੇਰਿਤ ਕੀਤਾ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਮਾਨਵੀ ਜੀਵਨ ਵਿਚ ਸੁਹਿਰਦਤਾ ਤੇ ਆਗਿਆਕਾਰਤਾ ਦੇ ਗੁਣ ਸੰਚਿਤ ਕੀਤੇ ਜਿਹੜੇ ਇਨਸਾਨੀ ਜੀਵਨ ਨੂੰ ਜਿਊਣ ਲਈ ਖ਼ੂਬਸੂਰਤ ਜ਼ਾਬਤਾ ਪ੍ਰਦਾਨ ਕਰਦੇ ਹਨ। ਉਨ੍ਹਾਂ ਵਲੋਂ ਚਲਾਈ ਗਈ ਸ਼ਬਦ ਦੇ ਲੰਗਰ ਦੀ ਪਰਪਾਟੀ ਨੇ ਹਰ ਕਿਸੇ ਨੂੰ ਅਕਾਲ ਉਸਤਤਿ ਨਾਲ ਜੁੜਨ ਦੇ ਰਾਹ ਮੋਕਲੇ ਕਰ ਦਿੱਤੇ।

ਸ੍ਰੀ ਗੁਰੂ ਅਮਰ ਦਾਸ ਜੀ ਨੇ ਬਿਰਧ ਅਵਸਥਾ ਦੀ ਪ੍ਰਵਾਹ ਨਾ ਕਰਦਿਆਂ ਪੂਰਨ ਉਤਸ਼ਾਹੀ ਰੂਪ ਵਿਚ ਸਾਨੂੰ ਨਿਸ਼ਕਾਮ ਰੂਪ ਵਿਚ ਸੇਵਾ ਕਰਨ ਅਤੇ ਲੰਗਰ ਪੰਗਤ ਦੀ ਮਰਿਆਦਾ 'ਤੇ ਚੱਲਣ ਵਿਚ ਪ੍ਰਪੱਕ ਕੀਤਾ ਤਾਂ ਜੋ ਮਨੁੱਖ ਜਾਤੀ ਵਿਚ ਉਦਮਸ਼ੀਲਤਾ ਦੇ ਪਰਸਪਰ ਭਰਾਤਰੀ ਭਾਵ ਉਜਾਗਰ ਹੋਣ ਤੇ ਮਾਨਵ ਭਾਈਚਾਰੇ ਵਿਚ ਹਰ ਪ੍ਰਕਾਰ ਦੀ ਮੇਰ-ਤੇਰ ਨੂੰ ਤਿਲਾਂਜ ਕੇ ਆਪਸੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੇ ਲਾਸਾਨੀ ਗ੍ਰੰਥ ਵਿਚ ਵੀ ਕੇਵਲ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਹੀ ਅੰਕਿਤ ਨਹੀਂ ਕੀਤੀ ਗਈ, ਸਗੋਂ ੬ ਗੁਰੂ ਸਾਹਿਬਾਨ ਦੇ ਨਾਲ-ਨਾਲ ੩੦ ਹੋਰ ਮਹਾਂ-ਪੁਰਸ਼ਾਂ ਦੀ ਬਾਣੀ ਨੂੰ ਵੀ ਉਹੀ ਸਤਿਕਾਰਤ ਦਰਜਾ ਦਿੱਤਾ ਗਿਆ ਹੈ, ਜਿਹੜਾ ਗੁਰੂ ਸਾਹਿਬਾਨ ਦੀ ਬਾਣੀ ਨੂੰ ਪ੍ਰਾਪਤ ਹੋਇਆ ਹੈ। ਇਨ੍ਹਾਂ ੩੦ ਮਹਾਂ-ਪੁਰਸ਼ਾਂ ਵਿਚ ਰਾਜੇ ਵੀ ਸਨ ਤੇ ਰੰਕ ਵੀ। ਅਖੌਤੀ ਉਚੀਆਂ ਜਾਤੀਆਂ ਵਾਲੇ ਵੀ ਸਨ ਤੇ ਅਖੌਤੀ ਛੋਟੀਆਂ ਤੇ ਨੀਚ ਆਖੀਆਂ ਜਾਣ ਵਾਲੀਆਂ ਜਾਤਾਂ ਵਾਲੇ ਵੀ।

ਸਨੇਹ ਤੇ ਸਿਕ ਵਿਕਸਿਤ ਹੋ ਸਕੇ।

ਸ੍ਰੀ ਗੁਰੂ ਰਾਮਦਾਸ ਜੀ ਨੇ ਆਪਸੀ ਪ੍ਰੇਮ ਪਿਆਰ ਦੇ ਗੁਣਾਂ ਨੂੰ ਮਨੁੱਖੀ ਜੀਵਨ ਵਿਚ ਉਭਾਰਿਆ ਅਤੇ ਗੁਰਸਿੱਖੀ ਜ਼ਾਬਤੇ ਨੂੰ ਪ੍ਰਪੱਕ ਕਰਨ ਲਈ ਸੁਚੇਤ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹੀਦੀ ਦੇ ਕੇ ਦੁੱਖ-ਸੁੱਖ ਵਿਚ ਇਕ ਸਮਾਨ ਰਹਿਣ ਅਤੇ ਭਾਣਾ ਮੰਨਣ ਦੀ ਗੱਲ ਅਮਲੀ ਰੂਪ ਵਿਚ ਸਮਝਾਈ। ਬਹੁਤ ਸਾਰੀ ਇਲਾਹੀ ਬਾਣੀ ਰਚ ਕੇ 'ਬਾਣੀ ਦੇ ਬੋਹਿਥ' ਅਖਵਾਏ ਅਤੇ ਆਦਿ (ਸ੍ਰੀ ਗੁਰੂ) ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਕੇ ਮਨੁੱਖਤਾ 'ਤੇ ਵੱਡਾ ਅਹਿਸਾਨ ਕਰ ਗਏ।

ਛੇਵੇਂ ਗੁਰੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੀਆਂ ਕਿਰਪਾਨਾਂ ਧਾਰਨ ਕਰਕੇ ਅਣਖ ਭਰਿਆ ਸਵੈਮਾਨੀ ਜੀਵਨ ਜੀਉਣ ਦਾ ਹੌਂਸਲਾ ਦਿੱਤਾ ਅਤੇ ਇਵੇਂ ਸਿੱਖ ਨੂੰ ਭਗਤੀ ਤੇ ਸ਼ਕਤੀ ਦੋਹਾਂ ਦਾ ਧਾਰਨੀ ਬਣਾਇਆ। ਭਗਤੀ ਦੇ ਨਾਲ-ਨਾਲ ਗ੍ਰਹਿਣ ਕੀਤੀ ਇਸ ਨਵੀਂ ਸ਼ਕਤੀ ਨੇ ਅੱਗੇ ਚੱਲ ਕੇ ਕੌਮ ਨੂੰ ਅੱਤਿਆਚਾਰਾਂ ਵਿਰੁੱਧ ਜੂਝਣ ਲਈ ਤਤਪਰ ਕਰ ਦਿੱਤਾ। ਇਵੇਂ ਭਗਤੀ ਅਤੇ ਸ਼ਕਤੀ ਸਿੱਖ ਦੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਣ ਗਈਆਂ। ਇਹ ਸ਼ਕਤੀ ਦਾ ਸੰਚਾਰ ਸਿੱਖ ਦੇ ਕੌਮੀ ਜੀਵਨ ਵਿਚ ਇਕ ਨਵਾਂ ਮੋੜ ਸੀ, ਜਿਸ ਨੇ ਭਾਰਤੀਆਂ ਦੇ ਜੀਵਨ ਅਤੇ ਸੋਚ ਵਿਚ ਭਰਵਾਂ ਪਰਿਵਰਤਨ ਲਿਆਂਦਾ ਅਤੇ ਅਣਖ ਅਤੇ ਸਵੈਮਾਣ ਨਾਲ ਜੀਵਨ ਬਤੀਤ ਕਰਨ ਦੀ ਤਾਂਘ ਰੱਖਣ ਵਾਲੇ ਮਨੁੱਖ ਇਸ ਅਦੁੱਤੀ ਸੋਚ ਨਾਲ ਜੁੜ ਗਏ ਜਿਨ੍ਹਾਂ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਤੋੜ ਕੇ ਹੀ ਸਾਹ ਲਿਆ।

ਸੱਤਵੇਂ ਗੁਰੂ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਮਨੁੱਖੀ ਸੁਭਾਅ ਨੂੰ ਸਮਤੋਲ ਤੇ ਹਮਵਾਰ ਰੱਖਣ ਲਈ ਸਾਨੂੰ ਹਲੀਮੀ ਦੀ ਪਾਹ ਚਾੜ੍ਹੀ ਤਾਂ ਕਿ ਨਵੀਂ ਨਵੀਂ ਮਿਲੀ ਸ਼ਕਤੀ ਦਾ ਕਿਧਰੇ ਦੁਰਉਪਯੋਗ ਹੀ ਨਾ ਹੋਣ ਲੱਗ ਪਵੇ।

ਅੱਠਵੇਂ ਗੁਰੂ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮਹਾਰਾਜ ਨੇ ਅੱਠ ਸਾਲ ਦੀ ਨਿੱਕੀ ਜਿਹੀ ਬਾਲਕ ਅਵਸਥਾ ਵਿਚ ਜੋਤੀ-ਜੋਤਿ ਸਮਾ ਕੇ ਸਾਨੂੰ "ਆਪਣਾ ਮੁਰਸ਼ਦ ਪਹਿਚਾਨਣ ਦਾ ਵੱਲ" ਸਿਖਾਇਆ ਅਤੇ ਦੂਜਿਆਂ ਦੀ ਸੇਵਾ ਕਰਦਿਆਂ ਆਪਾ ਵਾਰਨ ਦੀ ਕੌਮ ਵਿਚ ਇਕ ਅਨੋਖੀ ਪਿਰਤ ਪਾਈ ਜਿਸ ਦਾ ਕੋਈ ਦੁਨੀਆ 'ਤੇ ਸਾਨੀ ਨਹੀਂ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਨੇਕ ਕਦਰਾਂ-ਕੀਮਤਾਂ ਅਤੇ ਦੂਜੇ ਦੇ ਹਿੱਤਾਂ ਦੀ ਰਾਖੀ ਤੇ ਸਵੈਮਾਣ ਲਈ ਮਰ ਮਿਟਣ ਲਈ ਬਲੀਦਾਨੀ ਭਾਵਨਾ ਨੂੰ ਸੰਚਿਤ ਕਰਨ ਤੋਂ ਇਲਾਵਾ ਸੁਚੱਜੇ ਜੀਵਨ ਅਨੁਭਵੀ ਲਈ ਇਹ ਜ਼ਰੂਰੀ ਕਰ ਦਿੱਤਾ ਕਿ ਉਹ ਨਾ ਤਾਂ ਕਿਸੇ ਨੂੰ ਡਰਾਵੇ ਅਤੇ ਨਾ ਹੀ ਕਿਸੇ ਤੋਂ ਡਰੇ। 'ਜੀਓ ਅਤੇ ਜੀਊਣ ਦਿਓ' (**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**) ਦਾ ਸ਼ਾਨਦਾਰ ਸਿਧਾਂਤ ਪ੍ਰਚਲਿਤ ਕਰਕੇ ਸਮੁੱਚੇ ਮਾਨਵ ਸਮਾਜ ਦਾ ਉਨ੍ਹਾਂ ਕਾਇਆ-ਕਲਪ ਕੀਤਾ ਅਤੇ ਦੂਜੇ ਦੇ ਹਿੱਤਾਂ ਦੀ ਰਾਖੀ ਕਰਦਿਆਂ ਆਪਣੀ ਸ਼ਹਾਦਤ ਦੇ ਕੇ ਮਾਨਵੀ ਹੱਕਾਂ ਦੇ ਰਖ਼ਵਾਲੇ ਬਣੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਚਿੜੀਆਂ ਤੋਂ ਬਾਜ਼ ਤੁੜਵਾਉਣ ਦੀ ਸ਼ਕਤੀ ਉਨ੍ਹਾਂ ਮਰਜੀਵੜਿਆਂ ਵਿਚ ਭਰ ਦਿੱਤੀ, ਜਿਹੜੇ ਨੇਕੀ ਦੀ ਖ਼ਾਤਰ, ਦੇਸ਼ ਕੌਮ ਦੀ ਆਨ, ਸ਼ਾਨ ਵਾਸਤੇ ਆਪਣਾ ਆਪਾ ਕੁਰਬਾਨ ਕਰ ਦੇਣਾ ਇਕ ਮਾਮੂਲੀ ਗੱਲ ਸਮਝਦੇ ਸਨ। 'ਖ਼ਾਲਸਾ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿਚ 'ਅਕਾਲ ਪੁਰਖ' ਦੀ ਫ਼ੌਜ ਬਣ ਗਿਆ ਜਿਹੜਾ ਬਦੀ ਦਾ ਦੁਸ਼ਮਣ ਤੇ ਮਜ਼ਲੂਮ ਦਾ ਰੱਖਿਅਕ ਸੀ। ਸਭ ਤੋਂ ਲਾਮਿਸਾਲ ਕਾਰਨਾਮਾ '**ਸ੍ਰੀ ਗੁਰੂ ਗ੍ਰੰਥ ਸਾਹਿਬ**' ਨੂੰ ਗੁਰਗੱਦੀ ਪ੍ਰਦਾਨ ਕਰਨ ਦਾ ਹੋਇਆ ਜਿਸ ਕਰਕੇ ਮਾਨਵਤਾ ਦਾ ਗੁਰੂ, '**ਸ਼ਬਦ ਗੁਰੂ**' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਣਿਆ। ਨਾਮ ਰੂਪੀ ਗੁਰੂ ਸਾਡਾ ਸਾਰਿਆਂ ਦਾ ਅਗਵਾਈ ਕਰਤਾ ਹੋਇਆ, ਜਿਸ ਦੀ ਸਰਦਾਰੀ ਥੱਲੇ ਸਭ ਭੇਦ-ਭਾਵ ਮੁੱਕ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਤਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਿਰਾਜਮਾਨ ਹੋ ਗਈ ਤੇ ਸਰੀਰ ਖ਼ਾਲਸਾ ਪੰਥ ਵਿਚ ਵਲੀਨ ਹੋ ਗਿਆ। ਖ਼ਾਲਸਾ, ਸ਼ੁਭ ਅਮਲਾਂ ਵਾਲੇ ਬਿਹਤਰੀਨ ਇਨਸਾਨ ਦੇ ਰੂਪ ਵਿਚ ਸੰਸਾਰ ਦੇ ਸਾਹਮਣੇ ਉਜਾਗਰ ਹੋਇਆ ਜਿਸ ਲਈ ਸਭ ਮਨੁੱਖ ਇਕ ਸਮਾਨ ਹਨ। ਉਸ ਲਈ 'ਗਰੀਬ ਦਾ ਮੂੰਹ ਗੁਰੂ ਦੀ ਗੋਲਕ' ਬਣ ਗਿਆ ਤੇ ਗਰੀਬ ਭਾਵੇਂ ਕੋਈ ਵੀ ਕਿਉਂ ਨਾ ਹੋਵੇ, ਉਸ ਦੀ ਹਰ ਪ੍ਰਕਾਰ ਦੀ ਮਦਦ ਕਰਨਾ ਉਸ ਲਈ ਜ਼ਰੂਰੀ ਫ਼ਰਜ਼ ਬਣ ਗਿਆ। ਇਵੇਂ ਗੁਰੂ ਦਾ ਸਿੱਖ ਤੰਗਦਿਲੀ, ਸੰਕੀਰਣਤਾ ਅਤੇ ਫ਼ਿਰਕਾਪ੍ਰਸਤੀ ਤੋਂ ਬੇਨਿਆਜ਼ ਹੋ ਕੇ ਮਾਨਵ ਹਿਤਕਾਰੀ ਮਨੁੱਖ ਅਖਵਾਇਆ, ਜਿਹੜਾ ਮਨ ਕਰਕੇ ਦਰਵੇਸ਼ ਤੇ ਕਰਮਾਂ ਕਰਕੇ 'ਸੰਤ-ਸਿਪਾਹੀ' ਹੈ। ਇਤਿਹਾਸ ਦੱਸਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭਾਈ ਘਨੱਈਆ ਜੀ ਨੂੰ ਉਸ ਸਮੇਂ ਸ਼ਾਬਾਸ਼ ਦਿੰਦੇ ਹਨ, ਜਦੋਂ ਗੁਰੂ ਜੀ ਨੂੰ ਇਹ ਪਤਾ ਲੱਗਦਾ ਹੈ ਕਿ ਭਾਈ ਸਾਹਿਬ ਜੰਗ ਵਿਚ ਜ਼ਖ਼ਮੀ ਹੋਏ ਦੋਹਾਂ ਧਿਰਾਂ ਦੇ ਸਿਪਾਹੀਆਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਪਾਣੀ ਪਿਲਾਉਂਦੇ ਹਨ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਮੱਲ੍ਹਮ ਦੀ ਡੱਬੀ ਵੀ ਦਿੱਤੀ ਕਿ ਪਾਣੀ ਪਿਲਾਉਣ ਦੇ ਨਾਲ-ਨਾਲ ਉਨ੍ਹਾਂ ਦੇ ਜ਼ਖ਼ਮਾਂ ਨੂੰ ਠੀਕ ਕਰਨ ਦਾ ਵੀ ਉਪਰਾਲਾ ਕਰੋ। ਇਵੇਂ ਇਲਾਹੀ 'ਰੈਡ ਕਰਾਸ' ਦਾ ਪ੍ਰਾਰੰਭ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ਾਂ ਤੇ ਉਪਦੇਸ਼ਾਂ ਸਦਕਾ ਹੋਇਆ ਸਮਝਿਆ ਜਾਣਾ ਚਾਹੀਦਾ ਹੈ। ਇਸ ਤੋਂ ਪਹਿਲੇ ਅੱਠਵੇਂ ਪਾਤਿਸ਼ਾਹ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਖ਼ੁਦ ਵੀ ਆਪਣੇ ਸੇਵਕਾਂ ਨੂੰ ਨਾਲ ਲੈ ਕੇ ਦਿੱਲੀ ਵਿਖੇ ਪਲੇਗ, ਚੇਚਕ, ਤੇ ਹੈਜ਼ੇ ਨਾਲ ਪੀੜਤ ਲੋਕਾਂ ਦੀ ਨਿਸ਼ਕਾਮ ਰੂਪ ਵਿਚ ਸੇਵਾ ਕਰਕੇ 'ਦੁੱਖ-ਹਰਤਾ ਗੁਰੂ' (**ਸ੍ਰੀ ਹਰਿ ਕ੍ਰਿਸਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ ॥**) ਦਾ ਦਰਜਾ ਪ੍ਰਾਪਤ ਕਰ ਚੁੱਕੇ ਸਨ ਤੇ ਇਸ ਸੇਵਾ ਦੌਰਾਨ ਉਨ੍ਹਾਂ ਆਪਣੀ ਜਾਨ ਵੀ ਮਨੁੱਖਤਾ ਦੇ ਲੇਖੇ ਲਗਾ ਦਿੱਤੀ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਉਦਾਰ-ਚਿੱਤਤਾ ਤੇ ਵਿਸ਼ਾਲ-ਚਿੱਤਤਾ ਇਸ ਗੱਲ ਤੋਂ ਵੀ ਪਤਾ ਲੱਗਦੀ ਹੈ ਕਿ ਸੱਚ ਦੀ ਖ਼ਾਤਰ ਜੂਝਣ ਵਾਲੇ ਮੁਸਲਮਾਨਾਂ ਨੂੰ ਵੀ ਉਨ੍ਹਾਂ ਸਤਿਕਾਰਿਆ ਅਤੇ ਗ਼ਲਤ ਕੰਮ ਕਰਨ ਵਾਲੇ ਆਪਣੇ ਮਸੰਦਾਂ ਨੂੰ ਵੀ ਨਹੀਂ ਬਖ਼ਸ਼ਿਆ। ਉਨ੍ਹਾਂ ਦੀ ਮਹਾਨ ਹਸਤੀ, ਮਹਾਨ ਮਨੁੱਖ ਦੀ ਸਿਰਜਣਾ ਲੋਚਦੀ ਸੀ, ਜਿਹੜਾ 'ਸੁਪਰਮੈਨ' ਤੋਂ ਵੀ ਵਧੀਆ ਹੋਵੇ, ਜਿਹੜਾ ਗ਼ਰੀਬ ਤੇ ਗਰਜ਼ਮੰਦ ਲਈ ਦਇਆ ਦੀ ਮੂਰਤੀ ਹੋਵੇ, ਜਿਹੜਾ ਦੀਨ-ਦੁਖੀ ਲਈ ਢਾਲ ਹੋਵੇ ਤੇ ਜ਼ਾਲਮ ਲਈ ਲਿਸ਼ਕਦੀ ਤਲਵਾਰ। ਇਸ ਤਰ੍ਹਾਂ ਗੁਰੂ ਸਾਹਿਬ ਉਸ ਸੰਤ-ਸਿਪਾਹੀ ਦੇ ਸਿਰਜਣਹਾਰ ਬਣੇ ਜਿਸ ਦੀ ਬਿਰਤੀ ਕਰਤਾਰ ਵੱਲ ਤੇ ਹੱਥ ਕਾਰ-ਵਿਹਾਰ ਵੱਲ ਕਰਮਸ਼ੀਲ ਹੋਣੇ ਜ਼ਰੂਰੀ ਹਨ। ਇਲਾਕਿਆਂ, ਫ਼ਿਰਕਿਆਂ ਦੇ ਤੰਗ-ਦਿਲ ਹੱਦ ਬੰਨੇ ਸਿੱਖ ਗੁਰੂ ਸਾਹਿਬਾਨ ਦੇ ਜਗਤ ਤਾਰਨਹਾਰੇ ਸੰਕਲਪ ਲਈ ਕਦੀ ਵੀ ਰੋਕ ਨਹੀਂ ਸੀ ਬਣ ਸਕੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨੀਲਾ ਘੋੜਾ ਖੁੱਲ੍ਹੇ ਨੀਲੇ ਗਗਨ ਦੀ ਵਿਸ਼ਾਲਤਾ ਦਾ ਪ੍ਰਤੀਕ ਚਿੰਨ੍ਹ ਸੀ ਜਿਹੜਾ ਗੁਰੂ ਦੇ ਸਿੱਖ ਦੇ ਵਿਸ਼ਾਲ ਹਿਰਦੇ ਦੀ ਤਰਜਮਾਨੀ ਕਰਦਾ ਹੈ ਅਤੇ ਸਫ਼ੇਦ ਬਾਜ਼ ਉਸ ਅਥਾਹ ਸ਼ਕਤੀ ਦਾ ਅਲੰਬਰਦਾਰ ਬਣਿਆ, ਜਿਸ ਦਾ ਕਿ ਗੁਰੂ ਦਾ ਸਿੱਖ, ਗੁਰੂ ਦੀ ਕਿਰਪਾ ਸਦਕਾ ਧਾਰਨੀ ਹੋਇਆ। ਪਰ ਨਾਲ ਹੀ ਬਾਜ਼ ਦਾ ਸਫ਼ੇਦ ਰੰਗ ਸਪੱਸ਼ਟ ਰੂਪ ਵਿਚ ਸਾਨੂੰ ਤਾਕੀਦ ਕਰਦਾ ਹੈ ਕਿ ਇਹ ਸ਼ਕਤੀ, ਅਮਨ, ਭਰਾਤਰੀ ਭਾਵ, ਸਾਂਝੀਵਾਲਤਾ, ਨੇਕ ਕਰਮੀ ਤੇ ਉਚ ਆਦਰਸ਼ਾਂ ਦੀ ਕਾਇਮੀ ਦਾਇਮੀ ਲਈ ਹੀ ਵਰਤਣੀ ਹੈ ਅਤੇ ਇਹ ਚੰਡਾਲੀ ਤੇ ਚੰਗੇਜ਼ੀ ਅੱਤਿਆਚਾਰਾਂ ਲਈ ਵਰਤੀ ਜਾਣੀ ਕਦਾਚਿਤ ਵੀ ਪ੍ਰਵਾਨ ਨਹੀਂ। ਇਸ ਤਰ੍ਹਾਂ ਗੁਰੂ ਦੇ

ਨਕਸ਼ੇ ਕਦਮਾਂ 'ਤੇ ਚੱਲਣ ਵਾਲਾ ਖ਼ਾਲਸਾ, ਤਲਵਾਰ ਦਾ ਧਨੀ, ਕਿਰਦਾਰ ਦਾ ਧਨੀ, ਗੁਫ਼ਤਾਰ ਦਾ ਧਨੀ, ਸਦਾਚਾਰ ਦਾ ਧਨੀ ਅਤੇ ਚੜ੍ਹਦੀ ਕਲਾ ਦਾ ਧਨੀ ਹੋ ਕੇ ਉਭਰਿਆ ਤੇ ਇਤਿਹਾਸ ਵਿਚ ਆਪਣੀ ਹਸਤੀ ਦੀ ਬੇਮਿਸਾਲ ਸ਼ਾਨ ਦਰਜ ਕਰਵਾਉਣ ਵਿਚ ਬੇਹੱਦ ਸਫ਼ਲ ਹੋਇਆ।

ਮੁੱਕਦੀ ਗੱਲ ਇਹ ਹੈ ਕਿ ਗੁਰੂ ਉਪਦੇਸ਼ਾਂ ਸਦਕਾ, ਸਰਬ ਸਾਂਝੀ ਗੁਰਬਾਣੀ ਦੇ ਪਸਾਰੇ ਸਦਕਾ, ਸਰਬੱਤ ਦੇ ਭਲੇ ਦੀ ਤਨੋਂ ਮਨੋਂ ਹਰ ਵੇਲੇ ਅਰਦਾਸ ਕਰਨ ਦੀ ਦਿਲੀ ਖਾਹਿਸ਼ ਕਾਰਨ, ਮਾਨਵੀ ਜਨ-ਜੀਵਨ ਵਿਚ ਕੌਮੀ ਏਕਤਾ ਪੱਕੇ ਪੈਰੀਂ ਟਿਕ ਗਈ ਜਿਸ ਨੇ ਦੇਸ਼ ਦੇ ਆਰਥਿਕ, ਸਮਾਜਿਕ, ਧਾਰਮਿਕ ਤੇ ਸੱਭਿਆਚਾਰਕ ਵਿਰਸੇ ਨੂੰ ਖੇਰੂੰ-ਖੇਰੂੰ ਹੋਣ ਤੋਂ ਬਚਾਅ ਲਿਆ।

ਇਸ ਲਈ ਸੰਖੇਪ ਵਿਚ ਇਹੀ ਆਖਿਆ ਜਾ ਸਕਦਾ ਹੈ ਕਿ ਸਿੱਖ ਗੁਰੂ ਸਾਹਿਬਾਨ ਵਲੋਂ ੨੩੯ ਸਾਲ ਦੀ ਨਿਰੰਤਰ ਸਿਖਲਾਈ ਮਗਰੋਂ ਪ੍ਰਦਾਨ ਕੀਤੀ ਜੀਵਨ ਜਾਚ ਕਿਸੇ ਇਕ ਫ਼ਿਰਕੇ, ਬਿਰਾਦਰੀ ਲਈ ਨਹੀਂ, ਸਗੋਂ ਸਮੂਹ ਮਖ਼ਲੂਕਾਤ ਲਈ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਸ ਸਮੁੱਚੀ ਲੁਕਾਈ ਦੀ ਸਰਬਪੱਖੀ ਰਹਿਨੁਮਾਈ ਲਈ 'ਸ਼ਬਦ ਗੁਰੂ' ਦੇ ਰੂਪ ਵਿਚ ਜੁਗੋ-ਜੁਗ ਅਟੱਲ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਸ਼ਵ ਵਿਆਪੀ ਪ੍ਰੇਮ ਤੇ ਭਰਾਤਰੀ ਭਾਵ ਨੂੰ ਮਾਨਵਤਾ ਲਈ ਵਜ਼ਨੀ ਤੇ ਯੋਗ ਸਮਝਦਿਆਂ ਹੋਇਆਂ ਹੀ ਸ਼ਾਇਦ ਮਾਨਵਤਾ ਦੇ ਨਾਮਵਰ ਇਤਿਹਾਸਕਾਰ ਸ੍ਰੀ ਰੋਨਲਡ ਤਿਆਨਬੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮੁੱਚੀ ਮਨੁੱਖੀ ਜਾਤੀ ਦਾ ਸਾਂਝਾ ਵਿਰਸਾ ਤੇ ਖਜ਼ਾਨਾ ਕਿਹਾ ਹੈ, ਜਿਸ ਵਿਚ ਹਰ ਮਨੁੱਖ ਨੂੰ ਟੁੰਬ ਕੇ ਪੂਰਨ ਰੂਪ ਵਿਚ ਬਦਲਣ ਲਈ 'ਵਿਸ਼ੇਸ਼ ਤੱਥ' ਸੁਚੱਜੇ ਰੂਪ ਵਿਚ ਤੇ ਭਰਪੂਰ ਮਾਤਰਾ ਵਿਚ ਹਰ ਅੰਗ 'ਤੇ ਅੰਕਿਤ ਹੋਏ ਪਰਤੱਖ ਪ੍ਰਤੀਤ ਹੁੰਦੇ ਹਨ। ਲੋੜ ਹੈ ਇਸ 'ਵਿਸ਼ੇਸ਼ ਤੱਥ' ਅਤੇ ਇਸ ਨਾਲ ਸਬੰਧਿਤ ਵਿਚਾਰਧਾਰਾ ਨੂੰ ਵਿਸ਼ਵ ਮਾਨਸ ਤੱਕ ਪਹੁੰਚਾਉਣ ਦੀ। ਇਹੀ ਸਮੇਂ ਦੀ ਮੰਗ ਹੈ ਤੇ ਗੁਰੂ ਦੇ ਸਿੱਖਾਂ ਦੀ ਪ੍ਰਥਮ ਜ਼ਿੰਮੇਵਾਰੀ ਵੀ। ਇਸ ਲਈ ਇਸ ਸਿਲਸਿਲੇ ਵਿਚ ਹੋਰ ਢਿੱਲ ਕਰਨਾ ਕਿਸੇ ਲਿਹਾਜ਼ ਨਾਲ ਵੀ ਉਚਿਤ ਨਹੀਂ ਕਿਉਂਕਿ ਦੁਨੀਆ ਬੜੀ ਤੇਜ਼ੀ ਨਾਲ ਅੱਗੇ ਵੱਧ ਰਹੀ ਹੈ ਅਤੇ ਉਹ ਇਕ ਸਰਬ ਸਾਂਝੇ ਗੁਰੂ ਜਾਂ ਅਗਵਾਈ ਕਰਤਾ ਦੀ ਭਾਲ ਵਿਚ ਸਖ਼ਤ ਬਿਹਬਲ ਵੀ ਹੈ ਜੋ ਮਾਨਸ ਮਨ ਨੂੰ ਸ਼ਾਂਤੀ, ਅਨੰਦ ਤੇ ਆਤਮਿਕ ਖੇੜਾ ਪ੍ਰਦਾਨ ਕਰਦਿਆਂ ਇਨਸਾਨੀ ਜ਼ਿੰਦਗੀ ਨੂੰ ਨੂਰੋ ਨੂਰ ਕਰ ਦੇਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸ ਇਲਾਹੀ ਜੋਤਾਂ ਵਲੋਂ ਪ੍ਰਦਾਨ ਕੀਤੀ ਜੀਵਨ ਜਾਚ ਤੋਂ ਵੱਧ ਇਹ ਭੂਮਿਕਾ ਹੋਰ ਕੌਣ ਨਿਭਾਅ ਸਕਦਾ ਹੈ? ▪▪

# ਖੇਡੇ ਖ਼ਾਲਸਾ ਖ਼ੂਨ ਨਾਲ ਹੋਲੀਆਂ ਵੇ

ਪ੍ਰਿੰ. ਸੱਜਣ ਸਿੰਘ, ਨਵੀਂ ਦਿੱਲੀ

ਜੇਕਰ ਸਿੱਖ ਇਤਿਹਾਸ ਦੀ ਫ਼ਿਲਮ ਤੱਕੀਏ, ਵਰਕੇ ਖ਼ੂਨ ਦੀ ਸਿਆਹੀ ਨਾਲ ਭਰੇ ਦਿਸਦੇ।
ਨਜ਼ਰ ਆਂਵਦੀ ਖੋਪਰੀ ਲਹੇ ਪੁੱਠੀ, ਆਰੇ ਸਿੰਘਾਂ ਦੇ ਸੀਰ 'ਤੇ ਧਰੇ ਦਿਸਦੇ।
ਸਿੱਖੀ ਮਹਿਲ ਦੀ ਨੀਂਹ ਮਜ਼ਬੂਤ ਕਰਦੇ, ਸਾਹਿਬਜ਼ਾਦੇ ਦੋ ਕੰਧ ਵਿਚ ਖੜੇ ਦਿਸਦੇ।
ਸੱਚੇ ਪ੍ਰੇਮ ਦੀ ਗਲੀ ਵਿਚ ਦੀਪ ਸਿੰਘ ਜੀ, ਬਿਨ੍ਹਾਂ ਸੀਸ ਤੋਂ ਜਾਂਵਦੇ ਲੜੇ ਦਿਸਦੇ।
ਅੰਮ੍ਰਿਤ-ਨਾਮ ਦੇ ਨਸ਼ੇ ਵਿਚ ਮਸਤ ਹੋ ਕੇ, ਜਾਨਾਂ ਵਾਰੀਆਂ ਜਿਨ੍ਹਾਂ ਅਣਮੋਲੀਆਂ ਵੇ।
ਕੱਚੇ ਰੰਗ ਨਾਲ ਦੱਸ ਕਿੰਝ ਖੇਡ ਸਕੇ, ਖੇਡੇ ਖ਼ਾਲਸਾ ਖ਼ੂਨ ਨਾਲ ਹੋਲੀਆਂ ਵੇ।
ਗਜ਼ਨੀ ਟਕੇ ਦੇ ਭਾਅ ਜਦ ਵਿਕਦੀਆਂ ਸਨ, ਭਾਰਤ ਮਾਤਾ ਦੀਆਂ ਬੱਚੀਆਂ ਭੋਲੀਆਂ ਵੇ।
ਘਰ ਪਹੁੰਚਣ ਤੋਂ ਪਹਿਲਾਂ ਦਬੋਚ ਲੈਂਦੇ, ਜ਼ਾਲਮ ਸੱਜ-ਵਿਆਹੀਆਂ ਦੀਆਂ ਡੋਲੀਆਂ ਵੇ।
ਓਸ ਸਮੇਂ ਵੀ ਇਹੋ ਹੀ ਖੇਡ ਚਲਦੀ, ਟੁਰਦੇ ਰਾਹੀ ਨ ਛੱਡੇ ਹਮਜੋਲੀਆਂ ਵੇ।
ਨੰਕ ਹੁੰਦਿਆਂ ਰੰਗੋਂ ਬੇਰੰਗ ਹੋ ਕੇ, ਕਿਵੇਂ ਹੱਸੇ ਤੇ ਖੇਡੀਆਂ ਹੋਲੀਆਂ ਵੇ।
ਰੰਗੇ ਕੱਪੜੇ ਦੂਰੋਂ ਤਾਂ ਇੰਝ ਦਿਸਣ, 'ਜੇ.ਬੀ. ਮੰਘਾ ਰਾਮ' ਦੀਆਂ ਗੋਲੀਆਂ ਵੇ।
ਬਾਜ਼ੀ ਸਿਰਾਂ ਦੀ ਅਣਖ 'ਤੇ ਲਾਉਣ ਵਾਲਾ, ਖੇਡੇ ਖ਼ਾਲਸਾ ਖ਼ੂਨ ਨਾਲ ਹੋਲੀਆਂ ਵੇ।
ਹੋਲੀ ਖੇਡਦਾ ਬੁੱਧੂ ਸ਼ਾਹ ਪੀਰ ਤੱਕੋ, ਸਦਕੇ ਜਾਂਵਦਾ ਪੁੱਤਰ ਕੁਰਬਾਨ ਕਰਕੇ।
ਕਲਗ਼ੀ ਵਾਲੜਾ ਸਮਾਂ ਉਡੀਕਦਾ ਸੀ, ਧਰਤੀ ਰੰਗਾਂਗਾ ਪੁੱਤਰ ਜਵਾਨ ਕਰਕੇ।
ਡਿੱਠਾ ਮਹਾਂ ਸਿੰਘ ਖ਼ੂਨ ਨਾਲ ਖੇਡਦਾ ਮੈਂ, ਖਿੜੇ ਮੱਥੇ ਫ਼ਿਟਕਾਰਾਂ ਪ੍ਰਵਾਨ ਕਰਕੇ।
ਅਣਖੀ ਖ਼ੂਨ ਨੇ ਜੂਝ ਕੇ ਜੰਗ ਕੀਤੀ, ਟੁੱਟੀ ਗੰਢ ਲਈ ਪ੍ਰੀਤਮ ਦਾ ਧਿਆਨ ਧਰ ਕੇ।
ਨਨਕਾਣਾ ਤੇ ਜੈਤੋਂ ਗਵਾਹ ਸਾਡੇ, ਸਿੰਘਾਂ ਛਾਤੀ ਵਿਚ ਖਾਧੀਆਂ ਗੋਲੀਆਂ ਵੇ।
ਬੰਨ੍ਹ ਕੇ ਕੱਫ਼ਨ ਬਸੰਤੀ ਦਸਤਾਰ ਉਤੇ, ਖੇਡੇ ਖ਼ਾਲਸਾ ਖ਼ੂਨ ਨਾਲ ਹੋਲੀਆਂ ਵੇ।
ਕੀਤੀ ਘੱਟ ਨਹੀਂ ਸਾਡੀਆਂ ਬੀਬੀਆਂ ਨੇ, ਜਿਸ ਢੰਗ ਨਾਲ ਖੇਡੀਆਂ ਹੋਲੀਆਂ ਵੇ।
ਟੋਟੇ-ਟੋਟੇ ਕਰਵਾ ਕੇ ਬੱਚਿਆਂ ਦੇ, ਭਰੀਆਂ ਹੱਸ ਕੇ ਆਪਣੀਆਂ ਝੋਲੀਆਂ ਵੇ।
ਥਾਵੇਂ ਮਹਿੰਦੀ ਦੇ ਲਹੂ ਨਾਲ ਹੱਥ ਰੰਗੇ, 'ਹਾਏ' 'ਸੀ' ਨਾ ਮੁੱਖ ਤੋਂ ਬੋਲੀਆਂ ਵੇ।
ਦੇਖ ਲਵੋ ਕਰਤਾਰ ਨੇ ਕਿਸ ਤਕੜੀ, ਕੁਰਬਾਨੀਆਂ ਇਨ੍ਹਾਂ ਦੀਆਂ ਤੋਲੀਆਂ ਵੇ।
ਹਰ ਕੋਈ ਸਮਝਦਾ ਮੁਗ਼ਲ ਸਮਰਾਜ ਦੀਆਂ, ਗੰਢਾਂ ਪੀਚੀਆਂ ਇਨ੍ਹਾਂ ਨੇ ਖੋਲ੍ਹੀਆਂ ਵੇ।
ਖ਼ੂਨ ਜਿਨ੍ਹਾਂ ਦਾ ਡੁੱਲ੍ਹਿਆ ਪੁਕਾਰਦਾ ਏ, ਖੇਡੇ ਖ਼ਾਲਸਾ ਖ਼ੂਨ ਨਾਲ ਹੋਲੀਆਂ ਵੇ।
ਸੀਸ ਵੇਚ ਕੇ ਹੋਈਆਂ ਨਸੀਬ ਸਾਨੂੰ, ਕਲਗੀਧਰ ਦੀਆਂ ਬਖ਼ਸ਼ੀਆਂ ਦਾੜ੍ਹੀਆਂ ਵੇ।
ਪਿਆਰੇ ਖ਼ਾਲਸਾ ਕਦੇ ਅਮਾਨਤਾਂ ਨਹੀਂ, ਖ਼ੁਦਦਾਰ ਨੇ ਕਦੇ ਵਿਗਾੜੀਆਂ ਵੇ।
ਅਦਬ ਕਾਹਦਾ ਫ਼ਿਰ ਕੇਸਾਂ ਤੇ ਪਗੜੀਆਂ ਦਾ? ਸੁੱਟੇ ਰੰਗ ਤੇ ਲਾਇ ਕੋਈ ਤਾੜੀਆਂ ਵੇ।
ਗੁਰਮੁਖ ਪਿਆਰੇ ਨੂੰ ਇਹ ਸ਼ੋਭਾ ਦੇਂਵਦਾ ਨਹੀਂ, ਨਾਮ ਜਪੇ ਜਿਹਦੇ ਰੋਮ ਤੇ ਨਾੜੀਆਂ ਵੇ।
ਪੱਕੇ ਰੰਗ ਨਾਲ ਕਾਇਆ ਜਿਸ ਰੰਗ ਲਈ ਏ, ਉਹਦੇ ਦਰਸ਼ਨ ਤੋਂ ਜਾਵਾਂ ਮੈਂ ਘੋਲੀਆਂ ਵੇ।
ਸਾਰੇ ਰੰਗ ਨਾਲ ਖੇਡ ਪ੍ਰਸੰਨ ਹੁੰਦੇ, ਖੇਡੇ ਖ਼ਾਲਸਾ ਖ਼ੂਨ ਨਾਲ ਹੋਲੀਆਂ ਵੇ।

# ਸ਼ਕਤੀਆਂ ਦਾ ਪ੍ਰਤੀਕ ਹੋਲਾ ਮਹੱਲਾ



ਪ੍ਰਿੰਸੀਪਲ ਸਤਿਬੀਰ ਸਿੰਘ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਿਰੇ ਆਤਮਿਕ ਸ਼ਕਤੀ ਦੇ ਪੁੰਜ ਹੀ ਨਹੀਂ ਹਨ, ਸਗੋਂ ਐਟਾਮਿਕ ਸ਼ਕਤੀ ਦੇ ਵੀ ਭੰਡਾਰ ਹਨ। ਜਿਵੇਂ ਵਿਗਿਆਨੀਆਂ ਨੇ ਅਣਡਿੱਠ ਐਟਮ ਨੂੰ ਤੋੜ ਕੇ ਇਕ ਅਥਾਹ ਬਲ ਹਾਸਲ ਕਰ ਲਿਆ ਹੈ ਤੇ ਉਸ ਹਾਸਲ ਕੀਤੇ ਬਲ ਤੋਂ ਸੰਸਾਰ ਥੱਰ-ਥੱਰ ਕੰਬ ਰਿਹਾ ਹੈ, ਕੁਝ ਇਸੇ ਤਰ੍ਹਾਂ ਮਨੋਵਿਗਿਆਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰ ਦੀ ਰਹਿੰਦ-ਖੂੰਹਦ ਵਿਚ ਆਤਮਿਕ ਵਿਸ਼ਵਾਸ ਭਰ ਕੇ, ਉਸ ਨੂੰ ਪਰੰਪਰਾ ਨਾਲੋਂ ਤੋੜ ਸੁਤੰਤਰ ਕਰਕੇ ਅੰਮ੍ਰਿਤ ਸ਼ਕਤੀ ਨੂੰ ਜਨਮ ਦੇ ਦਿੱਤਾ। "**ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥**" (ਮਾਰੂ ਮ.੫, ਅੰਗ : ੧੦੦੨) ਦੇ ਮਹਾਂ-ਵਾਕ ਅਨੁਸਾਰ ਕੈਦ ਕੀਤੀ ਜਨਤਾ, ਖੁੱਲ੍ਹੇ ਆਕਾਸ਼ਾਂ ਵਿਚ ਤਾਰੀਆਂ ਲਗਾਉਣ ਲੱਗੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਤਰ੍ਹਾਂ ਇਹ ਮਾਨਵ ਬਲ ਹਾਸਲ ਕੀਤਾ ਤੇ ਜਿਵੇਂ ਮੁਰਦਾ ਹੋ ਚੁੱਕੇ ਦਿਲਾਂ ਵਿਚ ਜਾਨ ਪਾ ਸੁਰਜੀਤ ਕੀਤਾ, ਉਹ ਹਿੰਦੁਸਤਾਨ ਦੇ ਇਤਿਹਾਸ ਵਿਚ ਪੜ੍ਹੇ ਜਾਣ ਵਾਲੀ ਰੁਮਾਂਚਿਕ ਦਾਸਤਾਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਇਸ ਊਣਤਾਈ ਵੱਲ ਸੰਕੇਤ ਕੀਤਾ ਸੀ ਕਿ ਜਨਤਾ ਮੁਰਦਿਆਂ ਵਾਕੁਰ ਹਕੂਮਤ ਦੀ ਵਫ਼ਾਦਾਰੀ ਕਰ ਰਹੀ ਹੈ ਤੇ ਬੇ-ਅਣਖ ਹੋ ਗ਼ੁਲਾਮਾਂ ਵਾਲੀ ਜ਼ਿੰਦਗੀ ਗੁਜ਼ਾਰ ਰਹੀ ਹੈ। "ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥" (ਅੰਗ : ੪੬੯) ਲੋਕਾਂ ਦੀ ਨਾ ਰਹਿਣੀ ਕਾਇਮ ਰਹੀ ਹੈ ਤੇ ਨਾ ਹੀ ਬਹਿਣੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਹਿਣੀ ਸੁਤੰਤਰ ਕੀਤੀ ਤੇ ਬਹਿਣੀ ਸੁਥਰੀ। ਉਨ੍ਹਾਂ

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਕੌਮ ਵਿਚ ਨਵਾਂ ਉਤਸ਼ਾਹ ਫੂਕ ਦਿੱਤਾ। ਨੌਂਵੇਂ ਪਿਤਾ ਦੀ ਸ਼ਹਾਦਤ ਨਿਰੋਲ ਪਰਉਪਕਾਰ ਲਈ ਸੀ, ਸੋ ਸਿੱਖ ਵੀ ਪਰਉਪਕਾਰ ਦੀ ਮੂਰਤ ਕਰਕੇ ਸਤਿਕਾਰੇ ਜਾਣ ਲੱਗ ਪਏ। ਰਣਜੀਤ ਨਗਾਰੇ ਵੱਜਣ ਲੱਗੇ ਤੇ ਘੋੜਿਆਂ ਦੀ ਸਵਾਰੀ ਨਿੱਤ ਕਰਮ ਬਣ ਗਿਆ। ਸ੍ਰੀ ਗੁਰੂ ਗੋਬਿੰਦ (ਸਿੰਘ) ਜੀ ਨੇ ਇਸ ਰਿਵਾਜ਼ ਨੂੰ ਹੋਰ ਉਤਸ਼ਾਹ ਬਖਸ਼ਣ ਲਈ ਇਕ ਦਿਨ ਨਿਯਤ ਕਰ ਦਿੱਤਾ ਤੇ ਉਸ ਦਿਨ ਕਿਲ੍ਹਾ ਹੋਲਗੜ੍ਹ ਵਿਚ ਮੇਲਾ ਲੱਗ ਜਾਂਦਾ।

ਦੇ ਨਵੇਂ ਵਿਚਾਰਾਂ ਦਾ ਸਦਕਾ ਐਸੀ ਸੰਗਤ ਬਣੀ ਜਿੱਥੇ ਮਰਦ ਘਾਲਾਂ ਘਾਲਦੇ ਸਨ। ਭਾਈ ਲਹਿਣਾ ਜੀ ਨੇ ਇਕ ਐਸੀ ਹੀ ਘਾਲ ਘਾਲੀ ਕਿ ਉਹ ਖ਼ਸਮ ਨੂੰ ਕਬੂਲ ਹੋਏ ਤੇ ਗੁਰੂ ਦਾ ਅੰਗ ਹੀ ਬਣ ਗਏ। "**ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ ॥**" (ਅੰਗ : ੯੬੭) ਉਸੇ ਖ਼ਿਆਲ ਦੀ ਵਿਆਖਿਆ ਹੈ। ਫਿਰ ਦੀਪ ਨਾਲ ਦੀਪ ਜਗੇ ਤੇ ਸਿੱਖੀ ਲਹਿਰ ਇਕ ਤਗੜੀ ਜਥੇਬੰਦੀ ਹੋ ਨਿਬੜੀ। ਨਿਸ਼ਚੇ ਅਤੇ ਯਕੀਨ ਦੀ ਆਜ਼ਾਦੀ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤ ਦੇ ਕੇ ਕੌਮ ਵਿਚ ਵਿਚਾਰ ਦ੍ਰਿੜ੍ਹ ਕਰਾ ਦਿੱਤੀ ਕਿ ਸਰੀਰ ਤੋਂ ਉਤਾਂਹ ਦੇਖਣਾ ਹੀ ਸਿੱਖੀ ਹੈ। ਇਸੇ ਸਬੰਧ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਖ਼ਤ ਉਤੇ ਬੈਠ ਕੇ ਪਹਿਲਾ ਬਚਨ ਹੀ ਇਹ ਕੀਤਾ, "ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤਰ, ਚੰਗੀ ਜਵਾਨੀ ਹੈ। ਮੇਰੀ ਖ਼ੁਸ਼ੀ ਲੈਣੀ ਜੇ ਤਾਂ ਕਸਰਤਾਂ ਕਰੋ, ਜੰਗਲਾਂ ਵਿਚ ਜਾਓ, ਸ਼ਿਕਾਰ ਖੇਡੋ। ਕਮਜ਼ੋਰੀ ਇਕ ਕੌਮੀ ਗੁਨਾਹ ਹੈ ਜੋ ਕਿਸੇ ਨੂੰ ਮੁਆਫ਼ ਨਹੀਂ ਕੀਤਾ ਜਾ ਸਕਦਾ। ਤੁਸੀਂ ਤਲਵਾਰ ਇਸ ਲਈ ਫੜਨੀ ਹੈ ਅਤੇ ਮੈਂ ਵੀ ਤਾਂ ਪਹਿਨੀ ਹੈ ਕਿ ਜ਼ਾਲਮ ਜ਼ੁਲਮ ਦੀ ਤਲਵਾਰ ਅੱਗੇ ਤੋਂ ਚਲਾਉਣੀ ਬੰਦ ਕਰ ਦੇਣ।" ਇਨ੍ਹਾਂ ਬਚਨਾਂ ਦਾ ਸਿੱਟਾ ਇਹ ਨਿਕਲਿਆ ਕਿ ਨਿਸ਼ਚਾ ਤੇ ਯਕੀਨ ਪਰਪੱਕ ਹੋ ਗਿਆ। ਸਭ ਨੂੰ ਪਤਾ ਲੱਗ ਗਿਆ ਕਿ ਪੰਜਵੇਂ ਪਾਤਿਸ਼ਾਹ ਦੀ ਸ਼ਹਾਦਤ ਅੰਞਾਈ ਨਹੀਂ ਜਾਣ ਲੱਗੀ। ਜੁਆਨੀਆਂ ਭੇਟ ਹੋਣ ਲੱਗ ਪਈਆਂ। ਪੰਜਾਬ ਦੇ ਕੇਂਦਰੀ ਅਸਥਾਨ ਮਾਝੇ ਵਿਚ ਤਾਂ ਇਹ ਰਿਵਾਜ਼ ਹੀ ਪੈ ਗਿਆ ਕਿ ਹਰ ਘਰ ਆਪਣੀ ਪਹਿਲੀ ਸੰਤਾਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਮਿਤ ਕੱਢਣ ਲੱਗ ਪਿਆ। ਨਾਲ ਹੀ ਉਸ ਨਮਿਤ ਕੱਢੇ ਬੱਚੇ ਲਈ ਵੱਖ ਗੋਲਕ ਲਗਾ ਦਿੱਤੀ ਜਾਂਦੀ ਅਤੇ ਆਪਣੀ ਕਮਾਈ ਵਿਚੋਂ ਉਸ ਗੋਲਕ ਵਿਚ ਪਾਈ ਜਾਂਦੇ। ਜਵਾਨ ਹੋਣ 'ਤੇ ਉਸ ਲੜਕੇ ਨੂੰ ਗੁਰੂ ਪਾਸ 'ਧਰਮ ਹਿਤ' ਭੇਟ ਦੇਂਦੇ ਤੇ ਨਾਲ ਹੀ ਸਾਲਾਂ ਵਿਚ ਇਕੱਠੀ ਕੀਤੀ ਗੋਲਕ ਵੀ ਦੇ ਜਾਂਦੇ, ਖ਼ਰਚ ਪੱਠੇ ਲਈ। ਉਹ ਨੌਜਵਾਨ ਵੀ ਸਿਰਫ਼ ਗੁਰੂ ਕੋਲੋਂ ਛੇ ਮਹੀਨੇ ਬਾਅਦ ਇਕ ਕਮੀਜ਼ ਤੇ ਦੋ ਡੰਗਾਂ ਦਾ ਪਰਸ਼ਾਦਾ ਮੰਗਦਾ ਅਤੇ ਜੁਆਨੀ ਭੇਟ ਬਦਲੇ

ਆਤਮਿਕ ਉਪਦੇਸ਼ ਦੀ ਯਾਚਨਾ। ਸਾਲਾਂ ਵਿਚ ਹੀ ਗੁਰੂ ਵੱਲ ਵਹੀਰਾਂ ਹੀ ਚੱਲ ਪਈਆਂ। ਮੈਕਾਲਫ਼ ਦੇ ਕਹਿਣ ਅਨੁਸਾਰ ਵਹੀਰਾਂ ਨੂੰ ਸਾਂਭਣਾ ਵੀ ਮੁਸ਼ਕਲ ਹੋ ਗਿਆ। ਇਤਿਹਾਸਕਾਰ ਅਜੇ ਤੱਕ ਸਮਝ ਨਹੀਂ ਸਕੇ ਕਿ ਇਤਨੇ ਵੱਡੇ ਮੁਗ਼ਲ ਸਾਮਰਾਜ ਦੇ ਵਿਰੁੱਧ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕਾਮਯਾਬ ਕਿਵੇਂ ਹੁੰਦੇ ਰਹੇ ? ਉਹ ਸਭ ਭੁੱਲ ਜਾਂਦੇ ਹਨ ਕਿ ਗੁਰੂ ਪਾਸ 'ਜ਼ਰ ਖ਼ਰੀਦ' ਨਹੀਂ ਸਨ ਸਗੋਂ "ਗੁਰੂ ਕੀ ਬਚਨੀ ਮਿਟਣ ਵਾਲੇ ਮੁਰੀਦ" ਸਨ। ਗੁਰੂ ਕੀ ਬਚਨੀ ਮਿਟਣ ਦੀਆਂ ਕਈ ਇਕ ਹੈਰਾਨ-ਕੁਨ ਪਰ ਸੁੰਦਰ ਮਿਸਾਲਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮਕਾਲੀ ਵਿਦਵਾਨ ਇਤਿਹਾਸਕਾਰ ਮੁੱਲਾਂ ਮਹਿਸਨ ਫ਼ਾਨੀ ਨੇ ਦਿੱਤੀਆਂ ਹਨ। ਇਥੇ ਇਕ ਹੀ ਲਿਖਣੀ ਕਾਫ਼ੀ ਹੋਵੇਗੀ।

ਇਕ ਵਾਰੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਘੋੜੇ ਤੇ ਚੜ੍ਹੇ ਜਾਂਦਿਆਂ ਬਾਗ਼ ਵਿਚ ਇਕ ਤੋਤੇ ਨੂੰ ਬੋਲਦਿਆਂ ਡਿੱਠਾ। ਸੁਭਾਵਕ ਹੀ ਗੁਰੂ ਮਹਾਰਾਜ ਨੇ ਕਿਹਾ, "ਕਿਤਨਾ ਸੋਹਣਾ ਹੈ।" ਇਕ ਸਿੱਖ ਇਹ ਜਾਣ, ਕਿ ਗੁਰੂ ਜੀ ਨੂੰ ਤੋਤਾ ਪਸੰਦ ਆਇਆ ਹੈ, ਤੋਤੇ ਦੇ ਮਾਲਕ ਕੋਲ ਗਿਆ। ਤੋਤੇ ਦਾ ਮਾਲਕ ਬਦ-ਕਿਸਮਤੀ ਨੂੰ ਮੁਗ਼ਲ ਫ਼ੌਜ ਵਿਚ ਸਿਪਾਹੀ ਸੀ। ਸਿੱਖ ਨੇ ਗੁਰੂ ਲਈ ਤੋਤਾ ਖ਼ਰੀਦਣ ਦੀ ਗੱਲ ਕਹੀ ਤਾਂ ਉਸ ਸਿਪਾਹੀ ਨੇ ਸਿੱਖ ਨੂੰ ਕਿਹਾ ਕਿ ਉਹ ਆਪਣੀ ਲੜਕੀ ਉਸ ਦੇ ਹਵਾਲੇ ਕਰੇ, ਤਾਂ ਉਹ ਤੋਤਾ ਦੇਵੇਗਾ। ਸਿੱਖ ਇਹ ਸੌਦਾ ਕਰਨ ਲਈ ਤਿਆਰ ਹੋ ਗਿਆ। ਜਦ ਉਸ ਸਿਪਾਹੀ ਦੀ ਔਰਤ ਨੂੰ ਸਿੱਖ ਦੇ ਸਿਦਕ ਦੀ ਗੱਲ ਦਾ ਪਤਾ ਲੱਗਾ ਤਾਂ ਉਸ ਔਰਤ ਨੇ ਆਪਣੇ ਖਾਵੰਦ ਨੂੰ ਬਹੁਤ ਬੁਰਾ-ਭਲਾ ਕਿਹਾ ਤੇ ਤੋਤਾ ਸਤਿਕਾਰ ਸਹਿਤ ਗੁਰੂ ਜੀ ਨੂੰ ਭੇਟ ਕੀਤਾ। ਸੱਚੀ ਗੱਲ ਤਾਂ ਇਹ ਹੈ ਕਿ ਜੀਅ ਦਾਨ ਦੇਣ ਵਾਲਿਆਂ ਦੀ ਇਕ ਜਥੇਬੰਦੀ ਬਣ ਗਈ ਸੀ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੇ ਕੌਮ ਵਿਚ ਨਵਾਂ ਉਤਸ਼ਾਹ ਫੂਕ ਦਿੱਤਾ। ਨੌਵੇਂ ਪਿਤਾ ਦੀ ਸ਼ਹਾਦਤ ਨਿਰੋਲ ਪਰਉਪਕਾਰ ਲਈ ਸੀ, ਸੋ ਸਿੱਖ ਵੀ ਪਰਉਪਕਾਰ ਦੀ ਮੂਰਤ ਕਰਕੇ ਸਤਿਕਾਰੇ ਜਾਣ ਲੱਗ ਪਏ। ਰਣਜੀਤ ਨਗਾਰੇ ਵੱਜਣ ਲੱਗੇ ਤੇ ਘੋੜਿਆਂ ਦੀ ਸਵਾਰੀ ਨਿੱਤ ਕਰਮ ਬਣ ਗਿਆ। ਜੁਆਨੀਆਂ ਉਸੇ ਤਰ੍ਹਾਂ ਭੇਟ ਹੁੰਦੀਆਂ ਸਨ। ਸ੍ਰੀ ਗੁਰੂ ਗੋਬਿੰਦ (ਸਿੰਘ) ਜੀ ਨੇ ਇਸ ਰਿਵਾਜ਼ ਨੂੰ ਹੋਰ ਉਤਸ਼ਾਹ ਬਖਸ਼ਣ ਲਈ ਇਕ ਦਿਨ ਨਿਯਤ ਕਰ ਦਿੱਤਾ ਤੇ ਉਸ ਦਿਨ ਕਿਲ੍ਹਾ ਹੋਲਗੜ੍ਹ ਵਿਚ ਮੇਲਾ ਲੱਗ ਜਾਂਦਾ। ਪਹਿਲਾ ਤਾਰੀਖ਼ੀ ਮੇਲਾ ਸਾਹਿਬ ਨੇ ਚੇਤ ਵਦੀ ਪਹਿਲੀ, ਸੰਨ ੧੬੯੦ ਵਿਚ ਕੀਤਾ ਤੇ ਉਸ ਦੀ ਪਰਪਾਟੀ ਪੈ ਗਈ। ਹੋਲਾ-ਮਹੱਲਾ ਉਤਸ਼ਾਹ ਦਾ ਦਿਹਾੜਾ ਬਣ ਗਿਆ ਤੇ ਸ਼ਕਤੀ ਦਾ ਪ੍ਰਤੀਕ। ਹੋਲਾ-ਮਹੱਲਾ ਦੇ ਅਰਥ ਹਨ, ਹਮਲਾ ਅਤੇ ਜਾਇ ਹਮਲਾ ਜਾਂ ਹੱਲਾ ਤੇ ਹੱਲੇ ਦੀ ਥਾਂ। ਮਹਾਨ ਕੋਸ਼ ਦਾ ਲਿਖਾਰੀ ਲਿਖਦਾ ਹੈ : "ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸ਼ਸਤ੍ਰ ਵਿਦਿਆ ਵਿਚ ਨਿਪੁੰਨ ਕਰਨ ਲਈ ਇਹ ਰੀਤ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੱਖਾਂ ਦੇ ਹੇਠ ਇਕ ਖ਼ਾਸ ਥਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗ਼ੀਧਰ ਆਪ ਇਸ ਮਸਨੂਈ ਜੰਗ ਦਾ ਕਰਤਬ (ਮੈਨੂਵਰ) ਦੇਖਦੇ ਅਤੇ ਦੋਵਾਂ ਦਲਾਂ ਨੂੰ ਸ਼ੁੱਭ ਸਿੱਖਿਆ ਦੇਂਦੇ ਅਰ ਜੋ ਦਲ ਕਾਮਯਾਬ ਹੁੰਦਾ, ਉਸ ਨੂੰ ਦੀਵਾਨ ਵਿਚ ਸਿਰੋਪਾ ਬਖ਼ਸ਼ਦੇ ਸਨ।" ਕ੍ਰਿਸ਼ਨਾ ਅਵਤਾਰ ਵਿਚ ਹੀ ਕਲਗ਼ੀਧਰ ਨੇ ਲਿਖਿਆ ਹੈ ਕਿ ਕ੍ਰਿਸ਼ਨ ਜੀ ਗਵਾਲਿਆਂ ਨਾਲ ਰਲ ਕੇ ਹੋਲੀ ਮਨਾਉਂਦੇ ਸਨ। ਉਸ ਸਮੇਂ ਉਚ-ਨੀਚ ਦਾ ਭੇਦ-ਭਾਵ ਮੁੱਕ ਜਾਂਦਾ ਸੀ, ਪਰ ਦੇਖਦੇ ਹੀ ਦੇਖਦੇ ਇਸ ਦੀ ਥਾਂ ਖਰੂਦ, ਛੇੜ-ਛਾੜ ਤੇ ਵਿਲਾਸ ਨੇ ਲੈ ਲਈ। ਸੋ ਗੁਰੂ ਨਾਨਕ ਦੇਵ ਜੀ ਨੇ 'ਹੋਲੀ ਕੀਨੀ ਸੰਤ ਸੇਵ' ਦਾ ਆਦਰਸ਼ ਰੱਖਿਆ ਅਤੇ ਸਮਝਾਇਆ ਕਿ ਸੇਵਾ ਕਰਦਿਆਂ ਜੋ ਰੰਗ ਚੜ੍ਹਦਾ ਹੈ, ਉਹ ਅਸਲ ਲਾਲੀ ਹੈ :

**"ਰੰਗੁ ਲਾਗਾ ਅਤਿ ਲਾਲ ਦੇਵ।"**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ "ਸੇਵਾ ਤੇ ਸ਼ਹੀਦੀ" ਦਾ ਅਜਿਹਾ ਸੁਮੇਲ ਕਰ ਦਿੱਤਾ ਕਿ ਨੀਵੀਂਆਂ ਰੁਚੀਆਂ ਉਪਜਾਉਣ ਵਾਲੀ ਹੋਲੀ ਦਾ ਤਿਆਗ ਹੋ ਗਿਆ।

ਕ੍ਰਿਸ਼ਨਾ ਅਵਤਾਰ ਦੇ ੧੩੮੫ ਅੰਕ ਵਿਚ ਅਨੰਦਪੁਰ ਦੀ ਹੋਲੀ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ :

**ਬਾਨ ਚਲੇ ਤੇਈ ਕੁੰਕਮ ਮਾਨਹੁ**
**ਮੂਠ ਗੁਲਾਲ ਕੀ ਸਾਂਗ ਪ੍ਰਹਾਰੀ॥**
**ਢਾਲ ਮਨੋ ਡਫ ਮਾਲ ਬਨੀ**
**ਹਥ ਲਾਲ ਬੰਦੂਕ ਛੁਟੇ ਪਿਚਕਾਰੀ॥**
**ਸ੍ਰਉਨ ਭਰੇ ਪਟ ਬੀਰਨ ਕੇ**
**ਉਪਮਾ ਜਨ ਘੋਰ ਕੈ ਕੇਸਰ ਡਾਰੀ॥**
**ਖੇਲਤ ਫਾਗ ਕਿ ਬੀਰ ਲਰੈ**
**ਨਵਲਾਸੀ ਲੀਏ ਕਰਵਾਰ ਕਟਾਰੀ॥੧੩੮੫॥**

ਸੋ ਆਤਮਿਕ ਸ਼ਕਤੀ ਨੇ ਚਮਤਕਾਰ ਦਿਖਲਾਣੇ ਆਰੰਭ ਕਰ ਦਿੱਤੇ। ਗ਼ੁਲਾਮੀ ਵਿਚ ਮਸਤ ਖ਼ਰੂਦ ਮਚਾਉਣ ਵਾਲਿਆਂ ਵਿਚ ਖ਼ੂਨ ਦੇ ਕੇ ਹੋਲੀ ਖੇਡਣ ਦਾ ਚਾਅ ਭਰ ਦਿੱਤਾ। ਜਿਥੇ ਸਭ ਕੁਝ ਦਿੱਤਾ ਜਾਏ ਉਥੇ ਹੀ ਅਨੰਦ ਹੈ ਤੇ ਜਿਥੇ ਸਭ ਕੁਝ ਨਿੱਜ ਲਈ ਰੱਖਿਆ ਜਾਏ ਉਥੇ ਅਸ਼ਾਂਤੀ ਹੈ, ਦੁੱਖ ਹੈ, ਬਿਖੇੜੇ ਹਨ, ਝੇੜੇ ਹਨ। ਕਨਿੰਘਮ ਨੇ ਠੀਕ ਲਿਖਿਆ ਹੈ: "ਇਹ ਮਹਾਨ ਕੰਮ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਸੀ ਜਿਨ੍ਹਾਂ ਨੇ ਸੁਧਾਰ ਦੇ ਸੱਚੇ, ਸੁੱਚੇ ਅਸੂਲ ਲੱਭੇ, ਵਰਤੇ ਅਤੇ ਉਹ ਚੌੜੀਆਂ ਬੁਨਿਆਦਾਂ ਰੱਖੀਆਂ, ਬਣਾਈਆਂ ਜਿਨ੍ਹਾਂ ਸਦਕਾ ਸ੍ਰੀ ਗੁਰੂ ਗੋਬਿੰਦ (ਸਿੰਘ) ਜੀ ਨੇ ਆਪਣੇ ਹਮਵਤਨਾਂ ਦੇ ਦਿਲਾਂ ਵਿਚ ਇਕ ਨਵੀਂ ਕੌਮੀਅਤ ਦਾ ਭਾਂਬੜ ਮਚਾ ਦਿੱਤਾ ਤੇ ਅਮਲੀ ਤੌਰ 'ਤੇ ਇਸ ਉਤੇ ਮਜ਼ਹਬੀ ਸਿਧਾਂਤ ਨੂੰ ਸਮਾਜੀ ਤੇ ਰਾਜਨੀਤਕ ਸ਼ਕਲ ਦਿੱਤੀ ਕਿ ਨਸਲ ਤੇ ਧਰਮ, ਧਾਰਮਿਕ ਆਸ਼ਾਵਾਂ ਤੇ ਸਿਆਸੀ ਰਾਜਨੀਤਕ, ਸਮਾਜਿਕ ਹੱਕਾਂ ਦੇ ਸਬੰਧ ਵਿਚ ਗ਼ਰੀਬ ਤੋਂ ਗ਼ਰੀਬ ਤੇ ਨੀਵੇਂ ਤੋਂ ਨੀਵੇਂ, ਅਮੀਰ ਤੋਂ ਅਮੀਰ ਤੇ ਉਚੇ ਤੋਂ ਉਚੇ ਦੇ ਬਰਾਬਰ ਹੈ।"

ਹੋਲੀ ਤਿਓਹਾਰ ਸੀ ਸ਼ੂਦਰ ਦਾ ਪਰ ਗੁਰੂ ਮਾਲਕ ਨੇ ਇਸ ਨੂੰ ਚੁਣਿਆ ਤੇ ਜੀਵਨ-ਭੇਟ ਦਾ ਦਿਨ ਬਣਾ ਦਿੱਤਾ। ਕਸ਼ੱਤਰੀ ਦੁਸਹਿਰੇ ਵਾਲੇ ਦਿਨ ਹਥਿਆਰਾਂ ਦੇ ਕਰਤਬ ਦਿਖਾਉਂਦੇ ਸਨ ਪਰ ਗੁਰੂ ਜੀ ਨੇ ਹਥਿਆਰਾਂ ਦੀ ਵਰਤੋਂ ਕਿਸੇ ਸ਼੍ਰੇਣੀ ਲਈ ਰਾਖਵੀਂ ਨਾ ਦੱਸ ਕੇ ਹੋਲਾ-ਮਹੱਲਾ ਨੂੰ ਕਰਤਬ ਦਾ ਦਿਨ ਨਿਯਤ ਕਰ ਦਿੱਤਾ। ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਸ੍ਰੀ ਗੁਰੂ ਗੋਬਿੰਦ (ਸਿੰਘ) ਜੀ ਇਕ ਜ਼ਬਰਦਸਤ ਸ਼ਹਿਨਸ਼ਾਹੀ ਦੇ ਚੌਗਿਰਦੇ ਅੰਦਰ ਘਿਰੇ ਹੋਏ ਸਨ। ਉਨ੍ਹਾਂ ਆਪਣਾ ਮਿਸ਼ਨ

ਸੋ ਆਤਮਿਕ ਸ਼ਕਤੀ ਨੇ ਚਮਤਕਾਰ ਦਿਖਲਾਣੇ ਆਰੰਭ ਕਰ ਦਿੱਤੇ। ਗ਼ੁਲਾਮੀ ਵਿਚ ਮਸਤ ਖ਼ਰੂਦ ਮਚਾਉਣ ਵਾਲਿਆਂ ਵਿਚ ਖ਼ੂਨ ਦੇ ਕੇ ਹੋਲੀ ਖੇਡਣ ਦਾ ਚਾਅ ਭਰ ਦਿੱਤਾ। ਜਿਥੇ ਸਭ ਕੁਝ ਦਿੱਤਾ ਜਾਏ ਉਥੇ ਹੀ ਅਨੰਦ ਹੈ ਤੇ ਜਿਥੇ ਸਭ ਕੁਝ ਨਿੱਜ ਲਈ ਰੱਖਿਆ ਜਾਏ ਉਥੇ ਅਸ਼ਾਂਤੀ ਹੈ, ਦੁੱਖ ਹੈ, ਬਿਖੇੜੇ ਹਨ, ਝੇੜੇ ਹਨ। ਹੋਲੀ ਤਿਓਹਾਰ ਸੀ ਸ਼ੂਦਰ ਦਾ ਪਰ ਗੁਰੂ ਮਾਲਕ ਨੇ ਇਸ ਨੂੰ ਚੁਣਿਆ ਤੇ ਜੀਵਨ-ਭੇਟ ਦਾ ਦਿਨ ਬਣਾ ਦਿੱਤਾ।

ਇਹ ਬਣਾਇਆ ਕਿ ਮੈਂ ਇਸ ਅਨਿਆਈ ਰਾਜ ਨੂੰ ਉਥਲ-ਪੁਥਲ ਕਰਕੇ ਹੀ ਰਹਾਂਗਾ। ਆਮ ਲੋਕਾਂ, ਮਰਦਾਂ, ਤੀਵੀਆਂ ਦੀ ਸਮਾਜੀ ਇਖ਼ਲਾਕੀ ਗਿਰਾਵਟ ਤੇ ਮਜ਼ਹਬੀ ਵੱਢੀ-ਖੋਗੀ ਦੇ ਬਾਵਜੂਦ ਕੁਝ ਐਸੇ ਬੰਦੇ ਚੁਣ ਕੇ ਢਾਲ ਲਵਾਂਗਾ, ਜਿਨ੍ਹਾਂ ਵਿਚ ਇਕ ਆਦਰਸ਼ ਹੋਵੇ, ਜਿਨ੍ਹਾਂ ਦੇ ਸਿੱਧੇ-ਸਾਦੇ ਜੀਵਨ ਢੰਗ ਹੋਣ ਤੇ ਜਿਨ੍ਹਾਂ ਦੇ ਦਿਲ ਵਿਚ ਜੋਸ਼ ਲਹਿਰਾਉਂਦਾ ਹੋਵੇ। ਗੁਰੂ ਜੀ ਜਿਤਨੇ ਸੂਰਮੇ ਤੇ ਜੋਧੇ ਸਨ, ਉਤਨੇ ਹੀ ਮਰਯਾਦਾਸ਼ੀਲ, ਉਤਨੇ ਹੀ ਆਸ਼ਾਵਾਦੀ ਤੇ ਨਿਸ਼ਚੇ ਵਾਲੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚੀ ਪੂਜਾ ਦਾ ਵੱਲ ਦਰਸਾਇਆ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮਾਜੀ ਸੁਤੰਤਰਤਾ ਤੇ ਕੌਮੀ ਉਚਿਆਈ ਬਖ਼ਸ਼ੀ। ਕਨਿੰਘਮ ਦੇ ਹੀ ਸ਼ਬਦਾਂ ਵਿਚ, "ਦਸਮੇਸ਼ ਗੁਰੂ ਨੇ ਨਾ ਕੇਵਲ ਮਨਾਂ ਨੂੰ ਬਦਲਾਇਆ, ਉਚਿਆਇਆ, ਸਗੋਂ ਸਰੀਰਾਂ ਨੂੰ ਵੀ ਇਕ ਅਮੁੱਕ ਬਲ ਦਿੱਤਾ।"

ਸਿੱਖ ਦੀ ਸ਼ਾਨ ਨਿਰਾਲੀ ਹੈ। ਹੋਲਾ-ਮਹੱਲਾ ਇਸ ਦੀ ਇਕ ਗਵਾਹੀ ਹੈ। ਇਸੇ ਖ਼ਿਆਲ ਨੂੰ ਮੁੱਖ ਰੱਖਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਤਮਿਕ ਤੇ ਐਟਾਮਿਕ ਸ਼ਕਤੀ ਦਾ ਭੰਡਾਰ ਤੇ ਪੁੰਜ ਆਖਿਆ ਹੈ। ਗੁਰੂ ਨੇ ਇਤਨਾ ਹੌਂਸਲਾ ਬਖ਼ਸ਼ ਦਿੱਤਾ ਕਿ ਕੌਮ ਹਰ ਮੁਸ਼ਕਿਲ ਵਿਰੁੱਧ ਤਤਪਰ ਦਿੱਸਣ ਲੱਗੀ। ਬ੍ਰਾਊਨ ਦੇ ਸ਼ਬਦਾਂ ਵਿਚ : "ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਨੂੰ ਇਕ ਖ਼ਾਸ ਵੱਖਰੀ (ਡਿਸਟਿੰਕਟ ਪੁਲੀਟੀਕਲ ਐਗਜ਼ਿਸਟੈਂਸ) ਬਖ਼ਸ਼ੀ ਅਤੇ ਰੂਹ ਭਰੀ, ਰਾਜਨੀਤਕ ਹੋਂਦ ਸਮਾਜੀ ਤੌਰ 'ਤੇ ਆਜ਼ਾਦ ਅਤੇ ਕੌਮੀ ਤੌਰ 'ਤੇ ਮੁਖ਼ਤਿਆਰ ਹੋਣ ਦੀ।" ਇਕ ਪ੍ਰੇਰਨਾ ਦਾ ਹੜ੍ਹ ਵਗਾ ਦਿੱਤਾ ਗਿਆ ਤੇ ਇਕ ਚੱਲਣ-ਹਿੱਲਣ ਵਾਲਾ ਸਿਧਾਂਤ ਸਿੱਖਾਂ ਨੂੰ ਮਿਲ ਗਿਆ। ਜੋ ਪਹਿਲਾਂ ਇਕ ਬੇ-ਤਰਤੀਬਾ ਜਿਹਾ ਅਹਿਸਾਸ ਸੀ, ਉਹ ਹੁਣ ਇਕ ਸੰਗਠਿਤ ਘੋਲ ਬਣ ਗਿਆ। ਇਸ ਗੁਰੂ ਨਿਸ਼ਚੇ ਦਾ ਅਸਰ ਜਾਦੂ ਭਰਿਆ ਹੋਇਆ। ਜਨਰਲ ਸਰ ਉਮਰ ਕਰੇ ਨੇ ਇੰਡੀਅਨ ਸਟੱਡੀਜ਼ ਵਿਚ ਠੀਕ ਲਿਖਿਆ ਹੈ ਕਿ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਚ ਵਿਧਾਨ ਘੜਨ (ਲੈਜਿਸਲੇਟਰ) ਇਕ ਸਿਪਾਹੀ ਅਤੇ ਵਾਹਿਗੁਰੂ ਦੇ ਅਨੰਦ ਭਗਤ ਵਾਲੇ ਸਭ ਗੁਣ ਸਨ। ਉਨ੍ਹਾਂ ਨੇ ਆਪਣੇ ਪੁੱਤਰਾਂ-ਸਿੰਘਾਂ ਵਿਚ ਅਥਾਹ ਪਵਿੱਤਰ ਜੋਸ਼ (ਨੋਬਲ ਆਰਡਰ) ਭਰ ਦਿੱਤਾ। ਉਨ੍ਹਾਂ ਸਿੰਘਾਂ ਵਿਚ ਆਪਾ-ਵਾਰਨ ਦਾ ਜਜ਼ਬਾ, ਫ਼ਰਜ਼ ਅਦਾ ਕਰਨ ਦਾ ਡਾਢਾ ਫ਼ੌਰੀ ਅਹਿਸਾਸ ਜਗਾਇਆ।

ਇਹ ਦੋਵੇਂ "ਫ਼ਰਜ਼ ਤੇ ਜਜ਼ਬਾ" ਸਦਾ ਤੋਂ ਸੱਚੇ ਮਜ਼ਹਬ ਤੇ ਫ਼ਤਿਹ ਦੀ ਬੁਨਿਆਦ ਰਹੇ ਹਨ। ਮਹਾਰਾਜ ਨੇ ਲੁਕੀਆਂ ਕਲਾਂ ਜਗਾਈਆਂ। ਮੂੰਹ, ਠੀਕ ਲੀਹ ਵੱਲ ਮੋੜ ਦਿੱਤਾ ਅਤੇ ਸਿੱਖਾਂ ਨੂੰ ਇਕ ਧਾਰਮਿਕ ਸਾਂਝੀਵਾਲਤਾ ਵਿਚ ਗੁੰਦ ਦਿੱਤਾ।

ਗੁਰੂ ਜੀ ਨੇ ਹੋਲਾ-ਮਹੱਲਾ ਚਾੜ੍ਹ ਕੇ ਦੱਸਿਆ ਕਿ ਜ਼ਾਲਮ ਦੀ ਬੇਰਹਿਮੀ ਦਾ ਟਾਕਰਾ ਹੋ ਸਕਦਾ ਹੈ। ਗੁਰੂ ਜੀ ਨੇ ਸਫ਼ਲਤਾ ਨਾਲ ਦਿਖਾ ਦਿੱਤਾ ਕਿ ਇਸ ਤਰ੍ਹਾਂ (ਹੋਲੇ-ਮਹੱਲੇ ਵਾਂਗ) ਖ਼ੁਦਗਰਜ਼ੀਆਨਾ ਤੇ ਸੁਆਰਥੀ ਜੰਗ ਛੱਡ ਕੇ ਇਕਮੁੱਠ ਹੋ ਕੇ ਕੌਮ ਦੀ ਬਿਹਤਰੀ ਤੇ ਖ਼ੁਸ਼ਹਾਲੀ ਵਾਸਤੇ ਲੜਨਾ ਹੁੰਦਾ ਹੈ। ਇਹ ਕੰਮ ਕੋਈ ਪਰਮ ਮਨੁੱਖ ਹੀ ਕਰ ਸਕਦਾ ਸੀ ਤੇ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ। ਡਾਕਟਰ ਹਰੀ ਰਾਮ ਗੁਪਤਾ ਨੇ ਆਪਣੀ ਕਿਰਤ 'ਸਿੱਖ ਇਤਿਹਾਸ' ਦੇ ਮੁੱਖ-ਬੰਦ ਵਿਚ ਲਿਖਿਆ ਹੈ ਕਿ, "ਲੋਕੀਂ ਪੁੱਛਦੇ ਹਨ ਕਰਾਮਾਤ ਕੀ ਹੈ ਤੇ ਕਿਵੇਂ ਹੁੰਦੀ ਹੈ? ਮੇਰਾ ਉਤਰ ਹੈ ਕਿ ਸਿੱਖ ਇਤਿਹਾਸ ਨੂੰ ਪੜ੍ਹਨਾ ਆਰੰਭ ਕਰ ਦਿਓ।" ਫ਼ਿਰ ਪੁਸਤਕ ਦੇ ਅੰਤਲੇ ਪੈਰ੍ਹੇ ਵਿਚ ਹਰੀ ਰਾਮ ਗੁਪਤਾ ਲਿਖਦੇ ਹਨ : "ਪਿਆਰੇ ਪਾਠਕ, ਅਜੇ ਵੀ ਲੋੜ ਕੋਈ ਦੱਸਣ ਦੀ ਰਹਿ ਗਈ ਹੈ ਕਿ ਕਰਾਮਾਤ ਕੀ ਹੁੰਦੀ ਹੈ ਤੇ ਕਿਵੇਂ ਹੁੰਦੀ ਹੈ?" ਕਰਾਮਾਤ ਹੈ, ਨਿਰਜਿੰਦ ਲੋਕਾਂ ਨੂੰ ਜਾਨ ਵਾਲਾ ਬਣਾ ਦੇਣਾ, ਮਨੁੱਖ ਸ਼੍ਰੇਣੀ ਵਿਚੋਂ ਧ੍ਰਿਕਾਰੇ ਨੂੰ ਮਨੁੱਖ ਤੇ ਫ਼ਿਰ ਦੇਵਤਾ ਤੇ ਦੇਵਤਿਆਂ ਦੇ ਹੱਥ ਤਲਵਾਰ ਦੇ ਕੇ ਧਰਮ ਦਾ ਜੈਕਾਰਾ ਬੁਲਾਉਣਾ ਤੇ 'ਸਤਿ' ਨੂੰ ਸਿਰੇ ਤੱਕ ਪਹੁੰਚਾਉਣਾ ਤੇ ਹਲੀਮੀ ਰਾਜ ਕਾਇਮ ਕਰਕੇ ਆਪ ਸੇਵਾਦਾਰ ਬਣ ਜਾਣਾ। "ਭੂਰਿਆਂ ਵਾਲੇ ਰਾਜੇ ਕੀਤੇ ਤੇ ਮੁਗਲਾਂ ਜ਼ਹਿਰ ਪਿਆਲੇ ਪੀਤੇ" ਦਾ ਅਖਾਣ ਹੀ ਕਰਾਮਾਤ ਹੈ। ਗਾਂਧੀ ਨੂੰ ਵੀ ਇਹ ਆਖ਼ਰ ਮੰਨਣਾ ਪਿਆ ਕਿ "ਸ੍ਰੀ ਗੁਰੂ ਤੇਗ਼ ਬਹਾਦਰ ਜੀ ਵਰਗਾ ਪਿਆਰ ਲੈ ਕੇ ਜਨਮੇ ਸਿੱਖਾਂ ਨੂੰ ਹੱਕ ਹੈ ਕਿ ਉਹ ਤਲਵਾਰ ਫੜਨ। ਅਜਿਹੇ ਪਿਆਰ ਤੋਂ ਬਿਨਾਂ ਆਪਣੇ ਬੁਰੇ ਤੋਂ ਬੁਰੇ ਵੈਰੀ ਵਿਰੁੱਧ ਵੀ ਤਲਵਾਰ ਚੁੱਕਣਾ ਇਖ਼ਲਾਕੀ ਜੁਰਮ ਹੈ।" ਕੀ ਇਹ ਕਰਾਮਾਤ ਨਹੀਂ ਕਿ ਭੰਗਾਣੀ ਦੇ ਯੁੱਧ ਵਿਚ ਭਾਈ ਲਾਲ ਚੰਦ ਹਲਵਾਈ ਨੂੰ ਜੰਗ ਵਿਚ ਸੂਰਮਿਆਂ ਦੇ ਟਾਕਰੇ ਉਤੇ ਟਕਰਾ ਦੇਣਾ ਤੇ ਕਾਮਯਾਬੀ ਲੈ ਦੇਣੀ। ਹਲਵਾਈ ਦਾ ਖ਼ਿਆਲ ਆਉਂਦਿਆਂ ਹੀ ਇਕ ਢਿੱਲੜ, ਪੇਟੂ, ਬੇਡੌਲ ਤੇ ਨਿਰਜਿੰਦ ਪੁਰਸ਼ ਦਾ ਚਿੱਤਰ ਸਾਹਮਣੇ ਆ ਜਾਂਦਾ ਹੈ ਪਰ ਇਤਿਹਾਸ ਕਹਿੰਦਾ ਹੈ ਕਿ ਪਾਉਂਟਾ ਸਾਹਿਬ ਦੇ ਹਲਵਾਈ ਲਾਲ ਚੰਦ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਆਗਿਆ ਲਈ। ਮੀਰ ਖ਼ਾਂ ਨੂੰ ਅੱਗੇ ਵਧਦਾ ਵੇਖ ਕੇ ਉਹ ਵਧਿਆ। ਘੋੜਾ ਵੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤਾ ਸੀ। ਘੋੜੇ ਨੂੰ ਅੱਡੀ ਲਗਾ ਕੇ ਮੀਰ ਖ਼ਾਂ ਉਤੇ ਜਾ ਪਿਆ। ਦੂਰੋਂ ਹੀ ਜਰਨੈਲ ਨਜਾਬਤ ਖ਼ਾਂ ਨੇ ਆਵਾਜ਼ ਦਿੱਤੀ, "ਮੀਰ ਖ਼ਾਂ ਤਕੜਾ ਹੋ, ਇਸ (ਹਲਵਾਈ) ਉਤੇ ਵਾਰ ਕਰ, ਮਾਰ ਦੇ ਤੇ ਘੋੜਾ ਖੋਹ ਲੈ।" ਮੀਰ ਖ਼ਾਂ, ਘੋੜੇ ਦੀ ਸੇਧ ਬੰਨ੍ਹ ਕੇ ਉਸ ਨੂੰ ਭਜਾ ਕੇ ਹਲਵਾਈ ਦੇ ਨਾਲੋਂ ਖਹਿ ਕੇ ਲੰਘਣ ਲਈ ਉਮੜਿਆ ਅਤੇ ਮਿਲ ਕੇ ਤਲਵਾਰ ਚਲਾਈ। ਪਰ ਲਾਲ ਚੰਦ ਨੇ ਤਲਵਾਰ ਦਾ ਵਾਰ ਢਾਲ ਉਤੇ ਲੈ ਲਿਆ। ਮੀਰ ਖ਼ਾਂ ਦਾ ਵਾਰ ਖ਼ਾਲੀ ਗਿਆ। ਮੀਰ ਖ਼ਾਂ ਨੇ ਫ਼ੇਰ ਯਤਨ ਕੀਤੇ ਵਾਰ ਕਰਨ ਦੇ, ਪਰ ਸਭ ਅਸਫ਼ਲ। ਇਤਨੇ ਨੂੰ ਭਾਈ ਲਾਲ ਚੰਦ ਨੇ ਅਚਾਨਕ ਘੋੜਾ ਵਧਾ ਕੇ ਬਲ ਨਾਲ ਐਸੀ ਤਲਵਾਰ ਵਾਹੀ ਕਿ ਮੀਰ ਖ਼ਾਂ ਦਾ ਸਿਰ ਧਰਤੀ 'ਤੇ ਜਾ ਪਿਆ ਤੇ ਉਸ ਦਾ ਘੋੜਾ ਭੱਜ ਗਿਆ। ਹਲਵਾਈ ਦੇ ਹੱਥੋਂ ਸਮੇਂ ਦੇ ਸੂਰਮੇ ਮੀਰ ਖ਼ਾਂ ਦਾ ਮਰਨਾ ਦੇਖ ਸਾਰੇ ਹੈਰਾਨ ਹੋਏ। ਕਹਿੰਦੇ ਹਨ ਕਿ ਭੀਖਨ ਖ਼ਾਂ, ਨਜਾਬਤ ਖ਼ਾਂ ਤੇ ਰਾਜਾ ਹਰੀ ਚੰਦ ਨੂੰ ਬਹੁਤ ਸ਼ਰਮ ਆਈ ਸੀ। ਇਹ ਹੀ ਹੈ ਸ਼ਕਤੀ 'ਹੋਲਾ-ਮਹੱਲਾ' ਦੀ, ਜਿਸ ਨੇ ਸਿਰਫ਼ ਨਜਾਬਤ ਖ਼ਾਂ, ਭੀਖਨ ਖ਼ਾਂ, ਹਰੀ ਚੰਦ, ਨਾਦਰ ਸ਼ਾਹ, ਅਬਦਾਲੀ, ਲਾਰਡ ਹਾਰਡਿੰਗ ਨੂੰ ਹੀ ਨਹੀਂ, ਬਲਕਿ ਹੁਣ ਤੱਕ ਸਾਰੇ ਸੰਸਾਰ ਨੂੰ ਹੈਰਾਨ ਕੀਤਾ ਹੋਇਆ ਹੈ। ▪▪





# 'ਔਰਨ ਕੀ ਹੋਲੀ ਮਮ ਹੋਲਾ'

ਤਲਵਿੰਦਰ ਸਿੰਘ ਬੁੱਟਰ

'ਹੋਲੀ' ਸਮੁੱਚੇ ਭਾਰਤ ਦਾ ਅਤੇ 'ਹੋਲਾ' ਕੇਵਲ ਪੰਜਾਬ ਦਾ ਖ਼ਾਸ ਕਰਕੇ ਸਿੱਖ ਕੌਮ ਦਾ ਇਕ ਪ੍ਰਸਿੱਧ ਮੌਸਮੀ ਤਿਓਹਾਰ ਹੈ। ਹੋਲੀ ਹਰੇਕ ਸਾਲ ਫ਼ੱਗਣ ਸ਼ੁਦੀ ੮ ਤੋਂ ਸ਼ੁਰੂ ਹੋ ਕੇ ਉਸੇ ਹਫ਼ਤੇ ਪੂਰਨਮਾਸ਼ੀ ਨੂੰ ਸਮਾਪਤ ਹੁੰਦੀ ਹੈ। 'ਹੋਲਾ' ਉਸ ਤੋਂ ਅਗਲੇ ਦਿਨ, ਚੇਤ ਵਦੀ ੧ ਨੂੰ ਬੜੇ ਜੋਸ਼-ਖਰੋਸ਼ ਨਾਲ ਮਨਾਇਆ ਜਾਂਦਾ ਹੈ। ਇਨ੍ਹਾਂ ਦੋਵਾਂ ਤਿਓਹਾਰਾਂ ਦੀ ਵਿਚਾਰਧਾਰਾ ਵਿਚ ਕਾਫ਼ੀ ਫ਼ਰਕ ਹੈ। ਗੁਰੂ ਸਾਹਿਬਾਨ ਨੇ ਜਿਥੇ 'ਹੋਲੀ' ਨੂੰ ਇਕ-ਦੂਜੇ 'ਤੇ ਰੰਗ ਸੁੱਟਣ ਦੀ ਦੁਨਿਆਵੀ ਖੇਡ ਦੀ ਥਾਂ ਗੁਰਮਤਿ ਦੇ ਰੂਹਾਨੀ ਪੰਧ ਦੀਆਂ ਅਧਿਆਤਮਿਕ ਉਚਾਈਆਂ ਤੱਕ ਪਹੁੰਚਣ ਦੇ ਖੇੜੇ ਦੀ ਪ੍ਰਤੀਕ ਦੱਸਿਆ ਹੈ, ਉਥੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਹੋਲੇ-ਮਹੱਲੇ' ਦਾ ਸਿਧਾਂਤ ਪੇਸ਼ ਕਰਦਿਆਂ, ਹੋਲੀ ਨੂੰ ਨਵੇਂ ਤੇ ਸੁਲਝੇ ਰੂਪ ਵਿਚ ਪੇਸ਼ ਕੀਤਾ।

ਕਈ ਲੋਕ ਹੋਲੀ ਨੂੰ ਮੌਸਮੀ ਤਿਓਹਾਰ ਦੇ ਰੂਪ ਵਿਚ ਮਨਾਉਂਦੇ ਹਨ। ਇਸ ਸਮੇਂ ਪਤਝੜ ਤੋਂ ਬਾਅਦ ਬਸੰਤ ਰੁੱਤ ਆਉਂਦੀ ਹੈ। ਕੁਦਰਤ ਨਵੀਂ ਨੁਹਾਰ ਲੈ ਕੇ ਆਉਂਦੀ ਹੈ ਤੇ ਹਰ ਪਾਸੇ ਖੇੜਾ ਹੀ ਖੇੜਾ ਹੁੰਦਾ ਹੈ। ਕਹਿਰਾਂ ਦੀ ਸਰਦੀ ਪਿੱਛੋਂ ਬਸੰਤ ਦੀ ਸੁਹਾਵਣੀ ਤੇ ਖੇੜਿਆਂ ਭਰੀ ਰੁੱਤ ਦਾ ਆਨੰਦ ਲੈਣ ਵਜੋਂ ਹੋਲੀ ਖੇਡੀ ਜਾਂਦੀ ਹੈ। ਹੋਲੀ ਨੂੰ 'ਫ਼ਾਗਾ' ਵੀ ਕਿਹਾ ਜਾਂਦਾ ਹੈ। 'ਫ਼ਾਗਾ' ਤੋਂ ਭਾਵ ਫ਼ੱਗਣ ਮਹੀਨਾ ਜਾਂ ਬਸੰਤ ਰੁੱਤ ਹੈ। ਬਸੰਤ ਨੂੰ ਗੁਰਸਿੱਖ ਦੇ ਅਧਿਆਤਮਕ ਮੰਡਲ ਵਿਚ ਪ੍ਰਭੂ ਪ੍ਰੇਮ ਲਈ ਇਕ ਨਵਾਂ ਖੇੜਾ, ਚਾਅ ਮੰਨਿਆ ਜਾਂਦਾ ਹੈ। ਗੁਰਸਿੱਖ ਲਈ ਇਹ ਮਹਾਂ ਅਨੰਦ, ਮੰਗਲਾਚਾਰ, ਚਿੰਤਾ ਰਹਿਤ ਦਾ ਸਮਾਂ ਹੁੰਦਾ ਹੈ। ਅਜਿਹਾ ਸੁੰਦਰ ਨਜ਼ਾਰਾ ਰੱਬ ਦੇ ਪਿਆਰਿਆਂ ਦੇ ਅੰਦਰ ਇਕ ਅਜੀਬ ਕਿਸਮ ਦੀ ਝਰਨਾਹਟ ਪੈਦਾ ਕਰ ਦਿੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਮਾਰਥ ਦੇ ਮਾਰਗ ਨੂੰ ਆਨੰਦਮਈ 'ਹੋਲੀ' ਦੇ ਰੂਪ ਵਿਚ ਖੇਡਣ ਦੀ ਇਸ ਤਰ੍ਹਾਂ ਪ੍ਰੇਰਨਾ ਕੀਤੀ ਹੈ :

ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥
ਆਜੁ ਹਮਾਰੈ ਮਹਾ ਅਨੰਦ ॥ ਚਿੰਤ ਲਥੀ ਭੇਟੇ ਗੋਬਿੰਦ ॥੧॥
ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ੍ ਬੇਅੰਤ ॥੧॥ ਰਹਾਉ ॥
ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥੨॥ (ਬਸੰਤੁ ਮ.੫, ਅੰਗ : ੧੧੮੦)

ਸਾਡੇ ਦੇਸ਼ ਦਾ ਹਰ ਤਿਓਹਾਰ ਆਪਣੇ ਪਿਛੋਕੜ ਵਿਚ ਕੋਈ ਨਾ ਕੋਈ ਇਤਿਹਾਸਕ ਜਾਂ ਮਿਥਿਹਾਸਕ ਘਟਨਾ ਜ਼ਰੂਰ ਰੱਖਦਾ ਹੈ, ਜਿਸ ਦਾ ਸਾਡੇ ਸਮਾਜਿਕ ਜੀਵਨ ਨਾਲ ਡੂੰਘਾ ਸਬੰਧ ਹੁੰਦਾ ਹੈ।

ਹੋਲੀ ਮਨਾਉਣ ਦੀ ਰੀਤ ਕਿਵੇਂ ਸ਼ੁਰੂ ਹੋਈ,

ਇਸ ਦੀ ਕੀ ਸਾਰਥਿਕਤਾ ਸੀ ਅਤੇ ਉਸ ਤੋਂ ਬਾਅਦ ਹੋਲਾ ਕਿਵੇਂ ਸ਼ੁਰੂ ਹੋਇਆ, ਇਨ੍ਹਾਂ ਦੋਵਾਂ ਪੱਖਾਂ ਦਾ ਕ੍ਰਮਵਾਰ ਮਿਥਿਹਾਸ ਅਤੇ ਇਤਿਹਾਸ ਨਾਲ ਸਬੰਧ ਹੈ। ਇਕ ਪੌਰਾਣਿਕ ਕਥਾ ਅਨੁਸਾਰ ਹੰਕਾਰੀ ਰਾਜੇ ਹਰਨਾਖਸ਼ ਨੇ ਭਗਤੀ ਕਰਕੇ ਸ਼ਿਵ ਜੀ ਤੋਂ ਵਰ ਪ੍ਰਾਪਤ ਕੀਤਾ ਕਿ ਅੰਦਰ ਨਾ ਬਾਹਰ, ਦਿਨੇ ਨਾ ਰਾਤ, ਮਨੁੱਖ ਤੋਂ ਜਾਂ ਪਸ਼ੂ ਤੋਂ, ਕਿਸੇ ਤੋਂ ਨਾ ਮਰਾਂ। ਅਜਿਹਾ ਵਰ ਪ੍ਰਾਪਤ ਕਰਕੇ ਉਹ ਵੱਡਾ ਜ਼ਾਲਮ ਬਣ ਗਿਆ ਤੇ ਉਸ ਨੇ ਕਿਹਾ ਕਿ ਪ੍ਰਮਾਤਮਾ ਦੇ ਨਾਮ ਦੀ ਬਜਾਏ ਸਾਰੇ ਉਸ ਦਾ ਹੀ ਨਾਮ ਜਪਣ। ਪਰ ਘਰ ਵਿਚ ਉਸ ਦਾ ਪੁੱਤਰ ਭਗਤ ਪ੍ਰਹਿਲਾਦ ਹੀ ਉਸ ਦਾ ਵਿਰੋਧੀ ਬਣ ਗਿਆ।

> **'ਹੋਲਾ-ਮਹੱਲਾ' ਮਸਨੂਈ ਜੰਗਜੂ ਕਰਤੱਬਾਂ ਦਾ ਤਿਓਹਾਰ ਹੈ। ਤਿਆਰ-ਬਰ-ਤਿਆਰ ਪੈਦਲ, ਘੋੜ-ਅਸਵਾਰ ਅਤੇ ਸ਼ਸ਼ਤਰਧਾਰੀ ਸਿੱਖ ਫ਼ੌਜਾਂ ਦੇ ਦੋ ਦਲ ਬਨਾਉਟੀ ਲੜਾਈ ਲੜਦੇ ਹਨ। ਕਲਗੀਧਰ ਪਾਤਸ਼ਾਹ ਖੁਦ ਇਸ ਬਨਾਉਟੀ ਲੜਾਈ ਨੂੰ ਦੇਖਦੇ ਅਤੇ ਦੋਵਾਂ ਦਲਾਂ ਨੂੰ ਲੋੜੀਂਦੀ ਸਿੱਖਿਆ ਵੀ ਪ੍ਰਦਾਨ ਕਰਦੇ ਸਨ। ਜੇਤੂ ਦਲ ਨੂੰ ਸਿਰੋਪਾ ਦੀ ਬਖ਼ਸ਼ਿਸ਼ ਹੁੰਦੀ। 'ਹੋਲਾ-ਮਹੱਲਾ' ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਦਾ ਲਖਾਇਕ ਹੈ।**

ਹਰਨਾਖਸ਼ ਦੇ ਚਾਰ ਪੁੱਤਰ ਸਨ ਤੇ ਭਗਤ ਪ੍ਰਹਿਲਾਦ ਸਭ ਤੋਂ ਛੋਟਾ ਸੀ। ਜਦੋਂ ਪ੍ਰਹਿਲਾਦ ਚਾਰ ਸਾਲ ਦੇ ਹੋਏ ਤਾਂ ਆਪ ਨੂੰ ਪਾਠਸ਼ਾਲਾ ਭੇਜਿਆ ਗਿਆ। ਇਕ ਦਿਨ ਭਗਤ ਪ੍ਰਹਿਲਾਦ ਦੇ ਅਧਿਆਪਕ ਸੰਡਾ ਤੇ ਮਰਕਾ ਸ਼ਿਕਾਇਤ ਲੈ ਕੇ ਹਰਨਾਖਸ਼ ਕੋਲ ਗਏ ਕਿ ਤੁਹਾਡਾ ਬੱਚਾ ਪੜ੍ਹਦਾ ਨਹੀਂ, ਅਸੀਂ ਥੱਕ ਚੁੱਕੇ ਹਾਂ, ਪਰ ਉਹ 'ਰਾਮ' ਦਾ ਨਾਮ ਹੀ ਗਾਉਂਦਾ ਹੈ। ਇਸ ਦੀ ਰੀਸ ਨਾਲ ਬਾਕੀ ਸਭ ਵਿਦਿਆਰਥੀ ਵੀ 'ਰਾਮ ਰਾਮ' ਬੋਲਦੇ ਹਨ। ਭਗਤ ਨਾਮਦੇਵ ਜੀ ਇਸ ਸਾਰੀ ਘਟਨਾ ਨੂੰ ਬਹੁਤ ਸੋਹਣੇ ਢੰਗ ਨਾਲ ਬਿਆਨ ਕਰਦੇ ਹਨ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ :

**ਸੰਡਾ ਮਰਕਾ ਜਾਇ ਪੁਕਾਰੇ ॥ ਪੜੈ ਨਹੀ ਹਮ ਹੀ ਪਚਿ ਹਾਰੇ ॥**
**ਰਾਮੁ ਕਹੈ ਕਰ ਤਾਲ ਬਜਾਵੈ ਚਟੀਆ ਸਭੈ ਬਿਗਾਰੇ ॥੧ ॥**
**ਰਾਮ ਨਾਮਾ ਜਪਿਬੋ ਕਰੈ। ਹਿਰਦੈ ਹਰਿ ਜੀ ਕੋ ਸਿਮਰਨੁ ਧਰੈ ॥੧ ॥ ਰਹਾਉ ॥**
**(ਅੰਗ :੧੧੬੫)**

ਹਰਨਾਖਸ਼ ਇਕ ਘੁਮੰਡੀ, ਕਪਟੀ ਤੇ ਅੱਤਿਆਚਾਰੀ ਰਾਜਾ ਸੀ। ਉਹ ਚਾਹੁੰਦਾ ਸੀ ਕਿ ਰਾਜ ਭਰ ਵਿਚ ਹਰ ਕੋਈ 'ਰਾਮ-ਰਾਮ' ਦਾ ਨਾਮ ਲੈਣ ਦੀ ਥਾਂ ਇਹ ਕਹੇ ਕਿ ਸਾਡਾ ਹਰਨਾਖਸ਼ ਹੀ ਕਰਤਾ-ਧਰਤਾ ਹੈ। ਭਗਤ ਪ੍ਰਹਿਲਾਦ ਦੀ ਸ਼ਿਕਾਇਤ ਸੁਣ ਕੇ ਹਰਨਾਖਸ਼ ਨੂੰ ਗੁੱਸਾ ਆ ਗਿਆ। ਰਾਜਾ ਹਰਨਾਖਸ਼ ਨੇ ਭਗਤ ਪ੍ਰਹਿਲਾਦ ਨੂੰ ਰੱਬ ਦੀ ਭਗਤੀ ਤੋਂ ਹਟਾਉਣ ਦੇ ਅਨੇਕਾਂ ਯਤਨ ਕੀਤੇ, ਪਰ ਕੋਈ ਵੀ ਸਫ਼ਲ ਨਾ ਹੋਇਆ। ਅੰਤ ਵਿਚ ਰਾਜੇ ਨੇ ਆਪਣੀ ਧੀ 'ਹੋਲਿਕਾ' ਦੀ ਗੋਦੀ 'ਚ ਬਿਠਾ ਕੇ ਪ੍ਰਹਿਲਾਦ ਨੂੰ ਸਾੜ-ਮਾਰਨ ਦੀ ਸਾਜ਼ਿਸ਼ ਰਚੀ। 'ਹੋਲਿਕਾ' ਨੇ ਤਪ ਕਰਕੇ ਸ਼ਿਵ ਜੀ ਪਾਸੋਂ ਇਕ ਦੁਪੱਟਾ ਪ੍ਰਾਪਤ ਕੀਤਾ ਸੀ, ਜਿਸ ਨੂੰ ਉਪਰ ਲੈਣ 'ਤੇ ਅੱਗ ਅਸਰ ਨਹੀਂ ਕਰਦੀ ਸੀ। ਪ੍ਰਹਿਲਾਦ ਨੂੰ ਗੋਦੀ 'ਚ ਲੈ ਕੇ ਹੋਲਿਕਾ ਅੱਗ ਦੇ ਭਾਂਬੜ 'ਚ ਬੈਠ ਗਈ, ਪਰ ਉਸ ਨੇ ਆਪਣਾ ਅੱਗ ਤੋਂ ਬਚਾਅ ਕਰਨ ਲਈ ਸ਼ਿਵ ਜੀ ਤੋਂ ਪ੍ਰਾਪਤ ਵਰ ਵਾਲਾ ਦੁਪੱਟਾ ਲੈ ਲਿਆ। ਪ੍ਰਮਾਤਮਾ ਨੇ ਭਗਤ ਪ੍ਰਹਿਲਾਦ ਦੀ ਰੱਖਿਆ ਕੀਤੀ ਤੇ ਵਰ ਵਾਲਾ ਦੁਪੱਟਾ ਹੋਲਿਕਾ ਤੋਂ ਉਡ ਕੇ ਪ੍ਰਹਿਲਾਦ 'ਤੇ ਜਾ ਪਿਆ। ਹੋਲਿਕਾ ਸੜ ਗਈ ਤੇ ਪ੍ਰਹਿਲਾਦ ਬਚ ਗਿਆ। ਅੰਤ ਅੱਗ ਨਾਲ ਲਾਲ ਕੀਤੇ ਥੰਮ ਨਾਲ ਪ੍ਰਹਿਲਾਦ ਨੂੰ ਬੰਨ੍ਹਿਆ ਗਿਆ, ਪ੍ਰਮਾਤਮਾ ਨੇ ਇਥੇ ਵੀ ਨਰਸਿੰਘ ਦਾ ਰੂਪ ਧਾਰਨ ਕਰਕੇ ਦਹਿਲੀਜ਼ ਵਿਚ ਹਰਨਾਖਸ਼ ਨੂੰ ਹੀ ਦੋਫਾੜ ਕਰ ਦਿੱਤਾ।

ਹੋਲੀ ਦੇ ਤਿਓਹਾਰ ਸਬੰਧੀ ਇਸ ਘਟਨਾ ਨੂੰ ਆਧਾਰ ਬਣਾ ਕੇ ਹੀ, ਰਾਤ ਨੂੰ ਹੋਲੀ ਜਲਾਈ ਜਾਂਦੀ ਸੀ ਤੇ ਅੱਗ ਨਾਲ ਬਣੀ ਸੁਆਹ ਨੂੰ ਹੋਲਿਕਾ ਦੀ ਰਾਖ਼ ਮੰਨ ਕੇ ਸਵੇਰੇ ਉਸ ਨੂੰ ਉਡਾਇਆ ਜਾਂਦਾ ਸੀ। ਹੌਲੀ-ਹੌਲੀ ਇਹ ਸ਼ੂਦਰੀ ਤਿਓਹਾਰ ਬਣ ਗਿਆ। ਉਚੀਆਂ ਜਾਤਾਂ ਦੇ ਲੋਕ ਹੋਲੀ ਵਾਲੇ ਦਿਨ ਤਥਾਕਥਿਤ ਨੀਵੀਂਆਂ ਜਾਤਾਂ ਦੇ ਲੋਕਾਂ 'ਤੇ ਗੰਦਗੀ ਸੁੱਟਦੇ ਤੇ ਖੁਦ ਖੁਸ਼ੀਆਂ ਮਨਾਉਂਦੇ। ਬਦਲਦੇ ਸਮੇਂ ਦੇ ਨਾਲ ਇਹ ਸੁਆਹ ਤੋਂ ਰੰਗ ਉਡਾ ਕੇ ਮਨ-ਪ੍ਰਚਾਵੇ ਦਾ ਤਿਓਹਾਰ ਬਣ ਗਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਹੋਲੀ ਨੂੰ ਅਦੁੱਤੀ ਅਤੇ ਅਲੌਕਿਕ 'ਹੋਲੇ-ਮਹੱਲੇ' ਦਾ ਰੂਪ ਦੇ ਦਿੱਤਾ। 'ਹੋਲਾ' ਅਤੇ 'ਮਹੱਲਾ' ਦੋ ਵੱਖੋ-ਵੱਖਰੇ ਸ਼ਬਦ ਹਨ। 'ਹੋਲਾ' ਸ਼ਬਦ ਅਰਬੀ ਭਾਸ਼ਾ ਦਾ ਹੈ ਅਤੇ 'ਮਹੱਲਾ' ਫ਼ਾਰਸੀ ਦਾ। ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ 'ਹੋਲਾ' ਦੇ ਅਰਥ 'ਹਮਲਾ' ਅਤੇ 'ਮਹੱਲਾ' ਦੇ ਅਰਥ 'ਹਮਲਾ ਕਰਨ ਦੀ ਥਾਂ' ਦੇ ਰੂਪ ਵਿਚ ਕੀਤੇ ਹਨ।

ਖ਼ਾਲਸਾ ਪੰਥ ਹਰੇਕ ਤਿਉਹਾਰ ਨੂੰ ਅਧਿਆਤਮਕ ਪਰਿਪੇਖ 'ਚ ਅਤੇ ਆਪਣੀ ਨਿਆਰੀ ਪਛਾਣ ਕਰਕੇ ਨਿਵੇਕਲੇ ਢੰਗ ਨਾਲ ਮਨਾਉਂਦਾ ਹੈ। 'ਹੋਲੀ' ਦੀ ਥਾਂ ਖ਼ਾਲਸਾ 'ਹੋਲਾ-ਮਹੱਲਾ' ਮਨਾਉਂਦਾ ਹੈ। ਜਦੋਂ ਹੋਲੀ ਸਮਾਪਤ ਹੋ ਜਾਂਦੀ ਹੈ ਤਾਂ ਅਗਲੇ ਦਿਨ ਖ਼ਾਲਸੇ ਦਾ 'ਹੋਲਾ-ਮਹੱਲਾ' ਹੁੰਦਾ ਹੈ। 'ਹੋਲੇ-ਮਹੱਲੇ' ਦੀ ਰੀਤ ਖ਼ਾਲਸਾ ਪੰਥ ਦੇ ਸਿਰਜਣਹਾਰ ਕਲਗੀਆਂ ਵਾਲੇ ਤੇ ਨੀਲੇ ਘੋੜੇ ਦੇ ਸ਼ਾਹ-ਅਸਵਾਰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ੁਰੂ ਕਰਵਾਈ ਸੀ। ਭਾਵੇਂ ਬਸੰਤ ਰੁੱਤ ਦਾ ਵੀ ਗੁਰਸਿੱਖੀ ਦੇ ਰੂਹਾਨੀ ਮੰਡਲ ਵਿਚ ਮਹੱਤਵ ਰਿਹਾ ਹੈ, ਪਰ ਵਿਵਹਾਰਕ ਤੌਰ 'ਤੇ 'ਹੋਲੀ' ਨੂੰ 'ਹੋਲੇ' ਦੇ ਰੂਪ ਵਿਚ ਮਨਾਉਣ ਦੀ ਰਵਾਇਤ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤੋਰੀ। 'ਹੋਲੇ-ਮਹੱਲੇ' ਦੇ ਤਿਉਹਾਰ ਦੇ ਮੰਤਵ, ਉਦੇਸ਼ ਬੜੇ ਜੋਸ਼ੀਲੇ, ਚੜ੍ਹਦੀ ਕਲਾ ਦੇ ਪ੍ਰਤੀਕ ਅਤੇ ਉਸਾਰੂ ਸਨ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਪਿੱਛੋਂ ਮਾਯੂਸ ਅਤੇ ਬੇ-ਆਸ ਹੋਈਆਂ ਸਿੱਖ ਸੰਗਤਾਂ ਵਿਚ ਨਵਾਂ ਉਤਸ਼ਾਹ, ਨਿਡਰਤਾ, ਨਿਰਭੈਅਤਾ ਭਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਪੰਥ ਨੂੰ ਨਵੇਂ ਸੰਕਲਪਾਂ 'ਚ ਰੂਪਮਾਨ ਕੀਤਾ। ਘੋੜਿਆਂ ਤੇ ਹਾਥੀਆਂ ਦੀ ਅਸਵਾਰੀ, ਨਗਾਰਿਆਂ ਦੀਆਂ ਉਚੀਆਂ ਆਵਾਜ਼ਾਂ, ਕਿਲ੍ਹਿਆਂ ਦੀ ਉਸਾਰੀ, ਜੰਗੀ ਖੇਡਾਂ ਦੇ ਅਭਿਆਸਾਂ ਆਦਿ ਰਾਹੀਂ ਇਨ੍ਹਾਂ ਸੰਕਲਪਾਂ ਨੂੰ ਅਮਲ 'ਚ ਲਿਆਂਦਾ। ਇਸੇ ਤਰ੍ਹਾਂ ਸਿੱਖ ਇਨਕਲਾਬ ਦੀ ਸੰਪੂਰਨਤਾ ਦੇ ਅਮਲ ਵਜੋਂ ਖ਼ਾਲਸਾ ਪੰਥ ਦੀ ਸਥਾਪਨਾ ਕਰਕੇ ਚਰਨ ਪਾਹੁਲ ਦੀ ਥਾਂ ਖੰਡੇ ਬਾਟੇ ਦਾ ਅੰਮ੍ਰਿਤ ਅਤੇ 'ਹੋਲੀ' ਦੀ ਥਾਂ 'ਹੋਲੇ' ਦੀ ਰਵਾਇਤ ਸ਼ੁਰੂ ਕੀਤੀ।

'ਹੋਲੇ-ਮਹੱਲੇ' ਦਾ ਆਰੰਭ ਸੰਨ ੧੬੯੦ ਈਸਵੀ, ਸੰਮਤ ੧੭੫੭ ਚੇਤ ਵਦੀ ੧ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਲਗੜ੍ਹ ਦੇ ਸਥਾਨ 'ਤੇ ਸਾਹਿਬ-ਏ-ਕਮਾਲਿ, ਬਾਦਸ਼ਾਹ ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਕੀਤਾ।

ਹੋਲ, ਹੂਲ, ਹੋਲਾ, ਮਹੱਲਾ, ਰਲਦੇ-ਮਿਲਦੇ ਸ਼ਬਦ ਹਨ। 'ਹੂਲ' ਦਾ ਅਰਥ ਹੈ ਨੇਕ ਅਤੇ ਭਲੇ ਕੰਮ ਲਈ ਜੂਝਣਾ, ਤਲੀ 'ਤੇ ਖੇਡਣਾ, ਤਲਵਾਰ

ਦੀ ਧਾਰ 'ਤੇ ਚੱਲਣਾ ਆਦਿ। ਭੱਠੀ ਵਿਚ ਪੱਕੇ ਹੋਏ ਨੂੰ 'ਹੋਲ' ਕਹਿੰਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਜੋ ਸ਼ੂਦਰੀ ਤਿਓਹਾਰ ਕਰਕੇ ਜਾਣਿਆ ਜਾਂਦਾ ਸੀ, ਨੂੰ ਨਵੇਂ ਰੂਪ ਵਿਚ ਮਨਾਉਣ ਲਈ ਕਿਹਾ। ਕਿਉਂਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਾਂਝ ਵੀ ਨੀਚ ਅਖਵਾਉਣ ਵਾਲਿਆਂ ਨਾਲ ਸੀ, ਵੱਡਿਆਂ ਦੀ ਰੀਸ ਨੂੰ, ਸਾਂਝ ਨੂੰ ਆਪ ਨੇ ਅਣਡਿੱਠ ਕਰ ਦਿੱਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸ ਨੀਵੇਂ ਸਮਝੇ ਜਾਂਦੇ ਤਿਓਹਾਰ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਨਵੇਂ ਅਰਥ ਦਿੱਤੇ, ਨਵੇਂ ਢੰਗ ਅਪਣਾਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਤ੍ਰਿਸਕਾਰੇ ਤੇ ਲਿਤਾੜੇ ਲੋਕਾਂ ਨੂੰ ਗਲੇ ਲਾਇਆ, ਮਾਣ-ਤਾਣ ਬਖ਼ਸ਼ਿਆ, ਉਨ੍ਹਾਂ ਵਿਚ ਜੁਝਾਰੂ ਜਜ਼ਬਾ ਪੈਦਾ ਕੀਤਾ ਤਾਂ ਕਿ ਉਹ ਜ਼ੁਲਮ ਤੇ ਜ਼ਬਰ ਦਾ ਮੁਕਾਬਲਾ ਕਰ ਸਕਣ। ਆਪਣੀ ਹੋਂਦ ਦਾ ਪ੍ਰਗਟਾਵਾ ਕਰ ਸਕਣ, ਬਾਜਾਂ ਨੂੰ ਤੋੜ ਸਕਣ, ਸਵਾ ਲੱਖ ਨਾਲ ਇਕੱਲੇ ਲੜ ਸਕਣ। ਅਜਿਹੀ ਗੌਰਵਮਈ ਰੀਤ ਬਾਰੇ ਕੌਮ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਜੀ ਲਿਖਦੇ ਹਨ ਕਿ, "ਯੁੱਧ ਵਿਦਿਆ ਦੇ ਅਭਿਆਸ ਵਿਚ ਨਿੱਤ ਨਵਾਂਪਣ ਕਾਇਮ ਰੱਖਣ ਵਾਸਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਰੀਤ ਅਨੁਸਾਰ ਚੇਤ ਵਦੀ ਇਕ ਨੂੰ ਸਿੱਖਾਂ ਵਿਚ 'ਹੋਲਾ-ਮਹੱਲਾ' ਹੁੰਦਾ ਹੈ। ਜਿਸ ਦਾ ਹੋਲੀ ਦੇ ਤਿਓਹਾਰ ਨਾਲ ਕੋਈ ਸਬੰਧ ਨਹੀਂ ਹੈ।"

'ਹੋਲਾ-ਮਹੱਲਾ' ਮਸਨੂਈ ਜੰਗਜੂ ਕਰਤੱਬਾਂ ਦਾ ਤਿਓਹਾਰ ਹੈ। ਤਿਆਰ-ਬਰ-ਤਿਆਰ ਪੈਦਲ, ਘੋੜ-ਅਸਵਾਰ ਅਤੇ ਸ਼ਸਤਰਧਾਰੀ ਸਿੱਖ ਫ਼ੌਜਾਂ ਦੇ ਦੋ ਦਲ ਬਨਾਉਟੀ ਲੜਾਈ ਲੜਦੇ ਹਨ। ਕਲਗੀਧਰ ਪਾਤਸ਼ਾਹ ਖ਼ੁਦ ਇਸ ਬਨਾਉਟੀ ਲੜਾਈ ਨੂੰ ਦੇਖਦੇ ਅਤੇ ਦੋਵਾਂ ਦਲਾਂ ਨੂੰ ਲੋੜੀਂਦੀ ਸਿੱਖਿਆ ਵੀ ਪ੍ਰਦਾਨ ਕਰਦੇ ਸਨ। ਜੇਤੂ ਦਲ ਨੂੰ ਸਿਰੋਪਾ ਦੀ ਬਖ਼ਸ਼ਿਸ਼ ਹੁੰਦੀ। 'ਹੋਲਾ-ਮਹੱਲਾ' ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਦਾ ਲਖਾਇਕ ਹੈ। ਚੜ੍ਹਦੀ ਕਲਾ ਬਣਾਈ ਰੱਖਣ ਲਈ ਇਸ ਨੂੰ ਜੰਗੀ ਸ਼ਸਤਰਾਂ ਨਾਲ ਜੋੜਿਆ ਗਿਆ। ਜੰਗ ਦੇ ਅਰਥਾਂ ਵਿਚ ਵਰਨਣ ਕੀਤਾ ਗਿਆ ਹੈ। ਦਸਮ ਗ੍ਰੰਥ ਵਿਚ ਜੰਗ ਦਾ ਬਿਆਨ ਹੋਲੇ ਦੇ ਰੰਗਾਂ ਰਾਹੀਂ ਕਰਦੇ ਹੋਏ ਦਸਮ ਪਿਤਾ ਲਿਖਦੇ ਹਨ :

**"ਬਾਨ ਚਲੇ ਤੈਸੀ ਕੁੰਕਮ ਮਾਨਹੁ, ਮੂਠ ਗੁਲਾਲ ਕੀ ਸਾਂਗ ਪ੍ਰਹਾਰੀ॥**
**ਢਾਲ ਮਾਨੋ ਤਫ ਮਾਲ ਬਨੀ, ਹਥ ਨਾਲ ਬੰਦੂਕ ਛੁਟੇ ਪਿਚਕਾਰੀ॥**
**ਸਉਨ ਭਰੇ ਪਟ ਬੀਰਨ ਕੇ, ਉਪਮਾ ਜਨ ਘੋਰ ਕੇ ਕੇਸਰ ਤਾਰੀ॥**
**ਖੇਲਤ ਫਾਗ ਕਿ ਬੀਰ ਲਰੇ, ਨਵਲਾਸੀ ਲੀਏ ਕਰਵਾਰ ਕਾਰੀ॥"** (ਕ੍ਰਿਸ਼ਨਾ ਅਵਤਾਰ, ੧੩੮੫)

ਭਾਈ ਨੰਦ ਲਾਲ ਦੱਸਦੇ ਹਨ, ਹੋਲੀ ਦੇ ਫੁੱਲ ਖਿੜਨ 'ਤੇ ਸਾਰਾ ਬਾਗ਼ ਸੁਗੰਧੀ ਨਾਲ ਭਰ ਗਿਆ। ਪਾਤਸ਼ਾਹ ਦਾ ਮੁੱਖੜਾ ਕਲੀ ਦੀ ਤਰ੍ਹਾਂ ਖਿੜ ਗਿਆ। ਗੁਲਾਬ, ਅੰਬਰ, ਕਸਤੂਰੀ ਤੇ ਅੰਬੀਰ ਮੀਂਹ ਵਾਂਗ ਵਰਸਣ ਲੱਗ ਪਈ। ਕੇਸਲ ਦੀ ਪਿਚਕਾਰੀ ਨੇ ਸਭ ਚਿੱਟੇ ਚੋਲਿਆਂ ਨੂੰ ਰੰਗਾਂ ਨਾਲ ਭਰ ਦਿੱਤਾ। ਪਾਤਸ਼ਾਹ ਨੇ ਗੁਲਾਲ ਦੀ ਐਸੀ ਵਰਖਾ ਕੀਤੀ ਕਿ ਧਰਤੀ ਅਤੇ ਆਕਾਸ਼ ਸੂਹਾ ਹੋ ਗਿਆ।

ਖ਼ਾਲਸਾ ਪੰਥ ਆਪਣੇ ਗੌਰਵਮਈ ਇਤਿਹਾਸ ਦਾ ਇਹ ਮਾਣਮੱਤਾ ਤਿਓਹਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਮਨਾਉਂਦਾ ਆ ਰਿਹਾ ਹੈ। ਜੇਤੂ ਕਲਾ ਦੇ ਜਲੂਸ ਨਿਕਲਦੇ ਸਨ। ਗੁਲਾਬ, ਕਸਤੂਰੀ ਆਦਿ ਰੰਗਾਂ ਦੀ ਫੁਹਾਰ ਕੀਤੀ ਜਾਂਦੀ ਸੀ। ਅਤਰ-ਫੁਲੇਲਾਂ ਦੀਆਂ ਸੁਗੰਧੀਆਂ, ਰੰਗਾਂ ਦੀਆਂ ਫੁਹਾਰਾਂ ਨੇ ਭਾਈ ਨੰਦ ਲਾਲ ਜੀ ਵਰਗੇ ਗੰਭੀਰ ਤੇ ਚਿੰਤਕ ਵਿਦਵਾਨ ਨੂੰ ਵੀ ਪ੍ਰਭਾਵਿਤ ਕੀਤਾ। ਸਤਿਗੁਰਾਂ ਦੁਆਰਾ ਹੋਲੇ ਦੀ ਖੇਡ ਦੇ ਜਜ਼ਬੇ ਅਤੇ ਹੁਲਾਸ ਨੂੰ ਆਪਣੀ ਕਲਮ ਨਾਲ ਬਿਆਨ ਕਰਦਿਆਂ ਉਹ ਲਿਖਦੇ ਹਨ :

**"ਗੁਲੇ ਹੋਲੀ ਬ ਬਾਗੇ ਦਹਿਕ ਬੂ ਕਰਦ, ਲਬੇ ਚੂੰ ਗੁੰਚਹ ਰਾ ਫਰਖੰਦਹ ਖੁ ਕਰਦ॥**
**ਗੁਲਾਬੋ, ਅੰਬਰੋ ਮੁਸ਼ਕੋ ਅਬੀਰੀ, ਚੁ ਬਾਰਾਂ ਬਾਰਸ਼ੇ ਅਜ਼ ਸੂ ਬਸੂ ਕਰਦ॥**
**ਜ਼ਹੇ ਪਿਚਕਾਰੀਏ ਪੁਰ ਜ਼ਾਫਰਾਨੀ, ਜ਼ਮੀਨੋ ਆਸਮਾਂ ਰਾ ਸੁਰਖ਼ਰੂ ਕਰਦ।**
**ਦੁ ਆਲਮ ਗਸ਼ਤ ਰੰਗੀ ਅਜ਼ ਤੁਫੈਲਸ਼ ਚੁ ਸ਼ਾਹਮ ਜਾਮਹਰੰਗੀ ਦਰ ਗੁਲੂ ਕਰਦ।"**

ਭਾਈ ਨੰਦ ਲਾਲ ਦੱਸਦੇ ਹਨ, ਹੋਲੀ ਦੇ ਫੁੱਲ ਖਿੜਨ 'ਤੇ ਸਾਰਾ ਬਾਗ਼ ਸੁਗੰਧੀ ਨਾਲ ਭਰ ਗਿਆ। ਪਾਤਸ਼ਾਹ ਦਾ ਮੁੱਖੜਾ ਕਲੀ ਦੀ ਤਰ੍ਹਾਂ ਖਿੜ ਗਿਆ। ਗੁਲਾਬ, ਅੰਬਰ, ਕਸਤੂਰੀ ਤੇ ਅੰਬੀਰ ਮੀਂਹ ਵਾਂਗ ਵਰਸਣ ਲੱਗ ਪਈ। ਕੇਸਲ ਦੀ ਪਿਚਕਾਰੀ ਨੇ ਸਭ ਚਿੱਟੇ ਚੋਲਿਆਂ ਨੂੰ ਰੰਗਾਂ ਨਾਲ ਭਰ ਦਿੱਤਾ। ਪਾਤਸ਼ਾਹ ਨੇ ਗੁਲਾਲ ਦੀ ਐਸੀ ਵਰਖਾ ਕੀਤੀ ਕਿ ਧਰਤੀ ਅਤੇ ਆਕਾਸ਼ ਸੂਹਾ ਹੋ ਗਿਆ। ਜਦੋਂ ਪਾਤਸ਼ਾਹ ਨੇ ਰੰਗਿਆ ਹੋਇਆ ਚੋਲਾ ਪਹਿਨਿਆ ਤਾਂ ਸਾਰਿਆਂ ਦੀ ਆਤਮਾ ਖਿੜ ਉਠੀ।

ਦਸਮ ਪਿਤਾ ਨੇ 'ਹੋਲਾ' ਤਿਓਹਾਰ ਬੀਰਤਾ ਦਾ ਰੂਪ ਦੇ ਕੇ ਮਸ਼ਹੂਰ ਕੀਤਾ। 'ਹੋਲੇ-ਮਹੱਲੇ' ਦਾ ਇਹ ਪਵਿੱਤਰ ਦਿਹਾੜਾ ਸਾਨੂੰ ਸਾਰਿਆਂ ਨੂੰ ਪ੍ਰੇਰਨਾ ਦਿੰਦਾ ਹੈ ਕਿ ਹੱਕ, ਇਨਸਾਫ਼ ਮੰਗਿਆਂ ਪ੍ਰਾਪਤ ਨਹੀਂ ਹੁੰਦੇ, ਸਗੋਂ ਸ਼ਕਤੀ ਤੇ ਜ਼ੋਰ ਨਾਲ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ।

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਖ਼ਾਲਸੇ ਨੂੰ ਦੁਨੀਆ ਤੋਂ ਨਿਆਰੇ ਅਤੇ ਅਕਾਲ ਪੁਰਖ ਦਾ ਖਾਸ ਰੂਪ ਹੋਣ ਦਾ ਅਹਿਸਾਸ ਕਰਵਾਉਂਦਾ ਚੜ੍ਹਦੀ ਕਲ੍ਹਾ ਦਾ ਪ੍ਰਤੀਕ 'ਹੋਲਾ-ਮਹੱਲਾ' ਅਸੀਂ ਹਰ ਸਾਲ ਮਨਾਉਂਦੇ ਹਾਂ। ਦਸਮ ਪਿਤਾ ਦੀਆਂ ਲਾਡਲੀਆਂ ਫ਼ੌਜਾਂ ਦੇ ਜੰਗਜੂ ਕਰਤੱਬ, ਬਾਣੀ-ਬਾਣੇ ਦੇ ਜਾਹੋ-ਜਲਾਲ ਨੂੰ ਦੇਖਦੇ ਹਾਂ। ਪਰ ਦੁੱਖ ਦੀ ਗੱਲ ਹੈ ਕਿ ਅੱਜ ਸਿੱਖ ਕੌਮ ਨੇ ਸ਼ਸਤਰ ਵਿਦਿਆ ਨੂੰ ਆਪਣੀ ਕੌਮੀ ਵਿਦਿਆ ਨਹੀਂ ਸਮਝਿਆ, ਸਿਰਫ਼ ਫ਼ੌਜੀਆਂ ਦੇ 'ਜੰਗਜੂ ਕਰਤੱਬ' ਹੀ ਸਮਝਿਆ ਹੈ, ਜਦੋਂਕਿ ਦਸਮ ਪਿਤਾ ਦਾ ਉਪਦੇਸ਼ ਹੈ ਕਿ ਹਰ ਸਿੱਖ ਪੂਰਾ ਸਿਪਾਹੀ ਹੋਵੇ ਅਤੇ ਸ਼ਸਤਰ ਵਿਦਿਆ ਦਾ ਅਭਿਆਸ ਕਰੇ। ਸ਼ਸਤਰ ਵਿਦਿਆ ਤੋਂ ਅਨਜਾਣ ਸਿੱਖ, ਖ਼ਾਲਸਾ ਪੰਥ ਦੇ ਨਿਯਮਾਂ ਅਨੁਸਾਰ ਅਧੂਰਾ ਹੈ। 'ਹੋਲਾ-ਮਹੱਲਾ' ਦਾ ਸ਼ਸਤਰ ਵਿਦਿਆ ਨਾਲ ਕਿੰਨਾ ਗੂੜ੍ਹਾ ਸਬੰਧ ਹੈ, ਇਸ ਨੂੰ ਕਵੀ ਨਿਹਾਲ ਸਿੰਘ ਬਿਆਨ ਕਰਦੇ ਹਨ:

ਬਰਛਾ ਢਾਲ ਕਟਾਰਾ ਤੇਗਾ, ਕੜਛਾ ਦੇਗਾ ਗੋਲਾ ਹੈ।
ਛਕਾ ਪ੍ਰਸਾਦਿ ਸਜਾ ਦਸਤਾਰਾ, ਅਰੁ ਕਰ ਦੋਨਾ ਟੋਲਾ ਹੈ।
ਸੁਭਟ ਸੁਚਾਲਾ ਅਰ ਲੱਖ ਬਾਹਾ, ਕਲਗਾ ਸਿੰਘ ਸਚੋਲਾ ਹੈ।
ਅਪਰ ਮੁਛਹਿਰਾ, ਦਾੜ੍ਹਵਾ ਜੈਸੇ, ਤੈਸਾ ਬੋਲਾ ਹੋਲਾ ਹੈ।

ਬਾਕੀ ਸਾਰਾ ਹਿੰਦੋਸਤਾਨ ਹੋਲੀ ਖੇਡਦਾ ਹੈ। ਪਰ ਦੁਨੀਆ ਦਾ ਨਿਰਾਲਾ ਤੇ ਨਿਆਰਾ ਪੰਥ ਖ਼ਾਲਸਾ 'ਹੋਲਾ' ਖੇਡਦਾ ਹੈ ਅਤੇ 'ਮਹੱਲਾ' ਕੱਢਦਾ ਹੈ। ਖ਼ਾਲਸੇ ਦੀ ਵਿਲੱਖਣਤਾ ਦੇ ਲਖਾਇਕ 'ਹੋਲੇ-ਮਹੱਲੇ' ਸਬੰਧੀ ਕਵੀ ਸੁਮੇਰ ਸਿੰਘ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ਾਂ ਅਨੁਸਾਰ ਲਿਖਦੇ ਹਨ :

**ਔਰਨ ਕੀ ਹੋਲੀ ਮਮ ਹੋਲਾ।**
**ਕਹਯੋ ਕ੍ਰਿਪਾਨਿਧ ਬਚਨ ਅਮੋਲਾ॥** ▪▪

# ਖ਼ਾਲਸਾ ਜੀ ਦੀ ਚੜ੍ਹਦੀ ਕਲਾ ਕਿਵੇਂ ?

**ਭਾਈ ਨਰੈਣ ਸਿੰਘ ਐਮ.ਏ.,**
**ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ**



ਸਿੱਖ ਦਾ ਸਮੁੱਚਾ ਜੀਵਨ ਜ਼ਬਤ ਵਿਚ ਢਾਲਿਆ ਜੀਵਨ ਹੈ। ਧੁਰ ਆਤਮਿਕ ਪੱਧਰ ਤੋਂ ਲੈ ਕੇ ਸਰੀਰ ਕੁਟੰਬ, ਭਾਈਚਾਰੇ ਅਤੇ ਸਮਾਜ ਪੱਧਰ ਤੱਕ ਇਸ ਨੇ ਨੀਯਤ ਜ਼ਬਤ ਦਾ ਪਾਲਣ ਕਰਨਾ ਹੈ। ਇਸ ਦਾ ਦਿਨ-ਰਾਤ, ਖਾਣ-ਪੀਣ, ਪਹਿਨਣ, ਇਸ ਦਾ ਕਾਰ-ਵਿਹਾਰ ਅਤੇ ਲੋਕ-ਵਰਤਾਰਾ ਸਮੁੱਚਾ ਹੀ ਜ਼ਬਤ ਅਧੀਨ ਹੈ। ਇਸ ਦਾ ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ, ਨਾਮ ਸਿਮਰਨ, ਬਾਣੀ ਦਾ ਨਿਤਨੇਮ, ਪਾਠ, ਸਤਿਸੰਗਤ, ਧਰਮ ਦੀ ਕਿਰਤ, ਵੰਡ ਕੇ ਖਾਣਾ, ਪਰ-ਇਸਤ੍ਰੀ ਵੱਲ ਮਾਂ-ਭੈਣ ਵਾਲੀ ਭਾਵਨਾ, ਨਸ਼ਿਆਂ ਦਾ ਤਿਆ.ਗ ਅਤੇ ਸਰੀਰਕ ਖ਼ਾਲਸਈ ਰਹਿਤ ਦਸਤਾਰ ਇਤਿਆਦਿ ਸਾਰੇ ਜ਼ਬਤ ਅਥਵਾ ਅਨੁਸ਼ਾਸਨ ਹਨ, ਜਿਨ੍ਹਾਂ ਅੰਦਰ ਸਿੱਖ ਨੇ ਵਿਚਰਨਾ ਹੈ।

ਬਾਬਾ ਬੰਦਾ ਸਿੰਘ ਬਹਾਦਰ ਤੋਂ ਪਿਛੋਂ ਸਿੱਖਾਂ ਪਰ ਢਾਏ ਗਏ ਜ਼ੁਲਮਾਂ ਤੋਂ ਡਰ ਕੇ ਜੇਕਰ ਸਿੱਖ ਦਿਲ ਹਾਰ ਬਹਿੰਦੇ ਤਾਂ ਅੱਜ ਸਿੱਖੀ ਦਾ ਨਾਮ ਨਿਸ਼ਾਨ ਮਿਟ ਗਿਆ ਹੁੰਦਾ। ਜੇਕਰ ਨਨਕਾਣਾ ਸਾਹਿਬ ਦੀ ਸ਼ਹਾਦਤ ਤੋਂ ਸਿੱਖ ਘਾਬਰ ਜਾਂਦੇ ਤਾਂ ਭਾਰਤ ਵਿਚ ਹੀ ਨਹੀਂ, ਬਲਕਿ ਸੰਸਾਰ ਅੰਦਰ ਸਿੱਖ ਵਕਾਰ ਖ਼ਤਮ ਹੋ ਜਾਂਦਾ। ਇਹੋ ਗੱਲ ੧੯੪੭ ਦੀ ਦੇਸ਼ ਵੰਡ ਮਗਰੋਂ ਹੋਈ ਪਰ ਸਿੱਖ ਆਪਣੇ ਪੈਰਾਂ 'ਤੇ ਮੁੜ ਖੜਾ ਹੋ ਗਿਆ। ਇਸ ਤੋਂ ਇਹ ਸਿਧ ਹੁੰਦਾ ਹੈ ਕਿ ਗੁਰੂ ਨੇ ਸਿੱਖ ਦੇ ਅੰਦਰ ਕੋਈ ਅਜਿਹੀ ਕਣੀ ਭਰੀ ਹੈ ਕਿ ਇਹ ਮੂਧੇ-ਮੂੰਹ ਡਿੱਗ ਕੇ ਭੀ ਪੈਰਾਂ ਸਿਰ ਹੋ ਜਾਂਦਾ ਹੈ।

ਜਿਥੇ ਪੰਜਾਬ ੧੭ਵੀਂ ਸਦੀ ਦੇ ਅਖ਼ੀਰ ਤੱਕ ਉਤਰ ਪੱਛਮੋਂ ਉਤਰਦੇ ਹਰ ਹਮਲਾਵਰ ਦੇ ਪੈਰਾਂ ਦੀ ਲਿਤਾੜ ਬਣਿਆ ਹੋਇਆ ਸੀ ਅਤੇ ਕਿਸੇ ਦੀ ਜੁਰੱਅਤ ਨਹੀਂ ਸੀ ਹੋਈ ਕਿ ਉਸ ਦਾ ਮੂੰਹ ਮੋੜਦਾ, ਬਲਕਿ ਮਾਮੂਲੀ ਧਾੜਵੀ ਭੀ ਜੇ ਸੈਨਾ ਜੋੜ ਕੇ ਭਾਰਤ ਉਪਰ ਚੜ੍ਹ ਆਇਆ ਤਾਂ ਪੰਜਾਬ ਦੇ ਪੰਜਾਂ ਦਰਿਆਵਾਂ ਨੂੰ ਪਾਰ ਕਰ ਸਿਧਾ ਦਿੱਲੀ ਜਾ ਅੱਪੜਿਆ, ਉਥੇ ਇਸ ਸਦੀ ਦੇ ਅੰਤ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬ ਅੰਦਰ ਕੋਈ ਐਸੀ ਰੂਹ ਭਰੀ ਕਿ ਬਾਵਜੂਦ ਦਿੱਲੀ ਦੀ ਸੱਤ ਪੁਸ਼ਤਾਂ ਦੀ ਜੰਮੀ ਹੋਈ ਮੁਗ਼ਲ ਹਕੂਮਤ ਦੇ ਕੱਟੜ ਵਿਰੋਧ ਦੇ, ਅਤੇ ਪੱਛਮ ਤੋਂ ਅਬਦਾਲੀ ਵਰਗੇ ਜਾਬਰ ਦੇ ਵਾਰ-ਵਾਰ ਕੀਤੇ ਜਾ ਰਹੇ ਹਮਲਿਆਂ ਦੇ, ਇਕ ਸਦੀ ਬੀਤਣ ਤੋਂ ਪਹਿਲੋਂ ਦਿੱਲੀ ਅਤੇ ਕਾਬਲ ਦੇ ਵਿਚਲੇ ਖੇਤਰ ਵਿਚੋਂ ਐਸੀ ਅਜਿੱਤ ਸੈਨਾ ਉਤਪੰਨ ਹੋ ਗਈ ਜਿਸ ਨੇ ਇਕ ਬੰਨ੍ਹੇ ਦਿੱਲੀ ਦੀ ਕਿੱਲ੍ਹੀ ਨੂੰ ਉਖੇੜ ਕੇ ਰੱਖ ਦਿੱਤਾ ਅਤੇ ਦੂਜੇ ਬੰਨ੍ਹੇ ਅਬਦਾਲੀ ਵਰਗਿਆਂ ਦੇ ਅਜਿਹੇ ਦੰਦ ਭੰਨ੍ਹੇ ਕਿ ਮੁੜ ਕੇ ਅੱਜ ਤੱਕ ਕਿਸੇ ਨੂੰ ਉਧਰੋਂ ਪੰਜਾਬ ਉਪਰ ਪੈਰ ਧਰਨ ਦਾ ਹੌਂਸਲਾ ਨਹੀਂ ਪਿਆ। ਇਸ ਦੇ ਅਸਲ ਭੇਦ ਨੂੰ ਗੁਰੂ ਜਾਣੇ ਜਾਂ ਉਹ ਜਾਣਨ ਜਿਨ੍ਹਾਂ ਅੰਦਰ ਇਹ ਪਲਟਾ ਆਇਆ ਪਰ ਇਕ ਗੱਲ ਬੜੀ ਸਪੱਸ਼ਟ ਹੈ ਕਿ ਅਠਾਰ੍ਹਵੀਂ ਸਦੀ ਅਤੇ ਉਨ੍ਹੀਵੀਂ ਸਦੀ ਦੇ ਮੱਧ ਤੱਕ ਡੇਢ ਸੌ ਸਾਲ ਦੇ ਸੈਨਿਕ ਤੇ ਕਠਿਨਾਈਆਂ ਭਰੇ ਸਮੇਂ ਨੇ ਪੰਜਾਬ ਦੇ ਸਿੱਖਾਂ ਨੂੰ ਏਨਾ ਕਾਠਾ ਬਣਾ ਦਿੱਤਾ ਸੀ ਕਿ ਮਾਨੋ, ਸਿੱਖ ਮਾਵਾਂ ਨੇ ਕਸਮ ਖਾ ਲਈ ਹੋਵੇ ਕਿ ਜਣਾਂਗੀਆਂ ਤਾਂ ਸੂਰਮੇ ਪੁੱਤਰ, ਨਹੀਂ ਤਾਂ ਬਾਂਝ ਹੀ ਰਹਾਂਗੀਆਂ। ...

ਸਿੱਖ ਕਠਿਨਾਈਆਂ ਅਤੇ ਮੁਸੀਬਤਾਂ ਵਿਚ ਵਧੇਰੇ ਮੌਲਦੇ ਹਨ, ਜਿਸ ਤਰ੍ਹਾਂ ਅੰਗੂਰ, ਗ਼ੁਲਾਬ ਆਦਿ ਦੀਆਂ ਵੇਲਾਂ ਨੂੰ ਜਿੰਨਾ ਵਧੇਰੇ ਛਾਂਗਿਆ ਜਾਵੇ, ਇਹ ਉਤਨਾ ਜ਼ਿਆਦਾ ਵਧਦੀਆਂ ਤੇ ਫ਼ੁਲਦੀਆਂ ਹਨ, ਇਉਂ ਹੀ ਸਿੱਖ ਠੋਕਰਾਂ ਖਾ ਕੇ ਵਧੇਰੇ ਕਾਠਾ ਤੇ ਮਜ਼ਬੂਤ ਹੁੰਦਾ ਹੈ। ਪਰ ਜੇ ਇਸ ਨੂੰ ਆਪਣੇ ਆਪ 'ਤੇ ਛੱਡ ਦਿੱਤਾ ਜਾਵੇ ਅਤੇ ਇਹ ਆਪਣੀ ਖ਼ੁਸ਼ੀ ਜਾਗੇ-ਸਵੇਂ, ਖਾਵੇ-ਪੀਵੇ, ਐਸ਼ ਕਰੇ ਤਾਂ ਇਹ ਕਮਜ਼ੋਰ ਹੁੰਦਾ ਜਾਂਦਾ ਹੈ।

ਹਰ ਮੁਸੀਬਤ ਮਨੁੱਖ ਦੇ ਵਿਕਾਸ ਦਾ ਸਾਧਨ ਹੁੰਦੀ ਹੈ, ਪਰ ਜੋ ਮਨੁੱਖ ਆਚਰਣ ਦੇ ਹੀਣੇ ਹੋਣ ਅਤੇ ਜਿਨ੍ਹਾਂ ਦਾ ਜੀਵਨ ਨਿਤਾ-ਪ੍ਰਤ ਦੇ ਕਿਸੇ ਜ਼ਬਤ (ਅਨੁਸ਼ਾਸਨ) ਅੰਦਰ ਨਹੀਂ ਢਲਿਆ, ਅਥਵਾ ਜਿਨ੍ਹਾਂ ਨੂੰ ਵਿਸ਼ੇਸ਼ ਬੰਧਨਾਂ ਵਿਚ ਰਹਿਣ ਦੀ ਕਰੜਾਈ ਦਾ ਕੋਈ ਤਜ਼ਰਬਾ ਨਹੀਂ, ਉਹ ਮੁਸੀਬਤ ਪੈਣ 'ਤੇ ਘਾਬਰ ਜਾਂਦੇ ਹਨ ਅਤੇ ਵਿਕਾਸ ਕਰਨ ਦੀ ਬਜਾਏ ਉਹ ਆਪਣੇ ਆਪ ਨੂੰ ਨਿਤਾਣਾ ਤੇ ਕਮਜ਼ੋਰ ਮਹਿਸੂਸ ਕਰਦੇ ਹਨ। ਅਨੁਸ਼ਾਸਨ ਹੀ ਮਨੁੱਖੀ ਜੀਵਨ ਦਾ ਉਹ ਧੁਰਾ ਹੈ, ਜਿਸ ਦੇ ਸਿਰ 'ਤੇ ਮਨੁੱਖ ਦੀ ਜੀਵਨ ਗੱਡੀ ਸੁਖਾਵੀਂ ਰਿੜ੍ਹਦੀ ਹੈ। ਸੰਸਾਰ ਭਰ ਦਾ ਫ਼ੌਜੀ ਜੀਵਨ ਅਨੁਸ਼ਾਸਨ ਅਥਵਾ ਜ਼ਬਤ 'ਤੇ ਹੀ ਉਸਰਦਾ ਹੈ। ਜ਼ਬਤ ਦੇ ਅੰਦਰ ਰਿਹਾ ਵਿਦਿਆਰਥੀ ਹੀ ਸਿਖ਼ਰੇ ਪੁਜਿਆ ਕਰਦਾ ਹੈ। ਇਹੋ ਅਸੂਲ ਮਨੁੱਖ 'ਤੇ ਲਾਗੂ ਹੁੰਦਾ ਹੈ।

ਸਿੱਖ ਦਾ ਸਮੁੱਚਾ ਜੀਵਨ ਜ਼ਬਤ ਵਿਚ ਢਾਲਿਆ ਜੀਵਨ ਹੈ। ਧੁਰ ਆਤਮਿਕ ਪੱਧਰ ਤੋਂ ਲੈ ਕੇ ਸਰੀਰ ਕੁਟੰਬ, ਭਾਈਚਾਰੇ ਅਤੇ ਸਮਾਜ ਪੱਧਰ ਤੱਕ ਇਸ ਨੇ ਨੀਯਤ ਜ਼ਬਤ ਦਾ ਪਾਲਣ ਕਰਨਾ ਹੈ। ਇਸ ਦਾ ਦਿਨ-ਰਾਤ, ਖਾਣ-ਪੀਣ, ਪਹਿਨਣ, ਇਸ ਦਾ ਕਾਰ-ਵਿਹਾਰ ਅਤੇ ਲੋਕ-ਵਰਤਾਰਾ ਸਮੁੱਚਾ ਹੀ ਜ਼ਬਤ ਅਧੀਨ ਹੈ। ਇਸ ਦਾ ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ, ਨਾਮ ਸਿਮਰਨ, ਬਾਣੀ ਦਾ ਨਿਤਨੇਮ, ਪਾਠ,

ਸਤਿਸੰਗਤ, ਧਰਮ ਦੀ ਕਿਰਤ, ਵੰਡ ਕੇ ਖਾਣਾ, ਪਰ-ਇਸਤ੍ਰੀ ਵੱਲ ਮਾਂ-ਭੈਣ ਵਾਲੀ ਭਾਵਨਾ, ਨਸ਼ਿਆਂ ਦਾ ਤਿਆਗ ਅਤੇ ਸਰੀਰਕ ਖ਼ਾਲਸਈ ਰਹਿਤ ਦਸਤਾਰ ਇਤਿਆਦਿ ਸਾਰੇ ਜ਼ਬਤ ਅਥਵਾ ਅਨੁਸ਼ਾਸਨ ਹਨ, ਜਿਨ੍ਹਾਂ ਅੰਦਰ ਸਿੱਖ ਨੇ ਵਿਚਰਨਾ ਹੈ।

ਇਨ੍ਹਾਂ ਬੰਦਿਸ਼ਾਂ ਦੀ ਕਰੜਾਈ ਸਿੱਖੀ ਸੁਭਾਅ ਨੂੰ ਹਾਠਾ ਅਤੇ ਸਰੀਰ ਨੂੰ ਕਾਠਾ ਬਣਾਉਂਦੀ ਹੈ। ਇਹੋ ਇਸ ਦੇ ਆਚਰਣ ਘੜਨ ਦੀ ਟਕਸਾਲ ਹੈ। ਨਿਤਾ-ਪ੍ਰਤ ਦਾ ਨਾਮ-ਸਿਮਰਨ ਅਤੇ ਬਾਣੀ ਦਾ ਪਾਠ ਇਸ ਦਾ ਗੁਰੂ 'ਤੇ ਭਰੋਸਾ ਬੰਨ੍ਹਾਉਂਦਾ ਹੈ? ਜਿਸ ਭਰੋਸੇ ਅਤੇ ਵਿਸ਼ਵਾਸ ਸਦਕਾ ਇਹ ਕਰੜੀ ਤੋਂ ਕਰੜੀ ਮੁਸੀਬਤ ਸਹਿ ਗੁਜ਼ਰਨ ਦੇ ਯੋਗ ਬਣ ਜਾਂਦਾ ਹੈ। ਵਿਸ਼ਵਾਸ ਹੀ ਮਨੁੱਖ ਦੀਆਂ ਸਫ਼ਲਤਾਵਾਂ ਦੀ ਢਾਲ ਹੈ, ਜੋ ਘਮਸਾਣ ਦੇ ਯੁੱਧ ਵਿਚ ਭੀ ਇਸ ਨੂੰ ਡੋਲਣ ਨਹੀਂ ਦਿੰਦੀ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਤੇ ਸਮੁੱਚਾ ਸਿੱਖ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਗੁਰੂ ਉਪਰ ਕਦੀਂ ਨਾ ਡੋਲਣ ਵਾਲੇ ਵਿਸ਼ਵਾਸ ਦੇ ਸਿਰ 'ਤੇ ਹੀ ਸਿੱਖ ਕਠਿਨ ਤੋਂ ਕਠਿਨ ਮੁਸੀਬਤ ਸਹਿਣ ਵਾਲੇ ਹੋ ਗਏ। ਸੋ ਸਿੱਖ ਦਾ ਅਸਲ ਸਹਾਰਾ ਉਸ ਦਾ ਗੁਰੂ ਉਤੇ ਵਿਸ਼ਵਾਸ ਹੈ ਅਤੇ ਇਸ ਵਿਸ਼ਵਾਸ ਨੂੰ ਕਾਇਮ ਰੱਖਣ ਤੇ ਇਸ ਨੂੰ ਹੋਰ ਦ੍ਰਿੜ੍ਹ ਕਰਨ ਦਾ ਸਾਧਨ ਹੈ ਸਿੱਖੀ ਜ਼ਬਤ (ਅਨੁਸ਼ਾਸਨ)। ਇਹ ਆਤਮਿਕ ਭੀ ਹੈ ਅਤੇ ਸਰੀਰਕ ਭੀ। ਇਸ ਵਿਚ ਕਿਸੇ ਤਰ੍ਹਾਂ ਦੀ ਢਿੱਲ ਜਾਂ ਛੋਟ ਵਿਸ਼ਵਾਸ ਨੂੰ ਕਮਜ਼ੋਰ ਕਰਨਾ ਹੈ। ਇਸ ਤਰ੍ਹਾਂ ਇਹ ਕਹਿਣਾ ਬਣਦਾ ਹੈ ਕਿ ਸਿੱਖ ਜ਼ਬਤ ਜਾਂ ਅਨੁਸ਼ਾਸਨ ਹੀ ਸਿੱਖ ਦੀ ਸ਼ਕਤੀ ਦਾ ਆਧਾਰ ਹੈ।

ਜ਼ਬਤ ਹੀ ਸੰਗਠਨ ਜਾਂ ਜਥੇਬੰਦੀ ਦੀ ਰੂਹ ਹੋਇਆ ਕਰਦੀ ਹੈ। ਜ਼ਬਤ-ਵਿਹੂਣੀ ਕੋਈ ਜਥੇਬੰਦੀ ਕਦੀਂ ਸਫ਼ਲ ਨਹੀਂ ਹੋਈ। ਜ਼ਬਤ ਦੇ ਜਾਣ ਨਾਲ ਇਹ ਖੇਰੂੰ-ਖੇਰੂੰ ਹੋ ਕੇ ਰਹਿ ਜਾਂਦੀ ਹੈ। ਜ਼ਬਤ ਤੋਂ ਬਿਨ੍ਹਾਂ ਹਕੂਮਤਾਂ ਮਲੀਆਮੇਟ ਹੋ ਜਾਂਦੀਆਂ ਅਤੇ ਆਸ਼੍ਰਮ ਤੇ ਸੰਸਥਾ ਢਹਿਢੇਰੀ ਹੋ ਜਾਇਆ ਕਰਦੀਆਂ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਇਕ ਜ਼ਬਤ ਅੰਦਰ ਸਾਜਿਆ। ਇਹ ਜ਼ਬਤ 'ਨਾਮ' ਦਾ ਸੀ, ਆਚਰਣ ਦਾ ਸੀ, ਗੁਰੂ ਦੇ ਕੁਟੰਬੀ ਹੋਣ ਦਾ ਸੀ ਅਤੇ ਸਿੱਖ ਦੀ ਰਹਿਣੀ ਅਤੇ ਉਸ ਦੇ ਨਿਆਰੇ ਬਾਣੇ ਦਾ ਸੀ। ਅਜਿਹੇ ਜ਼ਬਤ ਵਾਲਿਆਂ ਦਾ ਨਾਮ ਗੁਰੂ ਨੇ 'ਵਾਹਿਗੁਰੂ ਜੀ ਕਾ ਖ਼ਾਲਸਾ' ਰੱਖਿਆ। ਜਿੰਨਾ ਚਿਰ ਅਤੇ ਜਦੋਂ ਸਿੱਖ ਇਸ ਜ਼ਬਤ ਦਾ ਪਾਬੰਦ ਹੋਇਆ, ਇਸ ਦੇ ਅੰਦਰ ਕਰੜੀ ਤੋਂ ਕਰੜੀ ਮੁਸੀਬਤ ਸਹਿਣ ਦੀ ਸਮਰੱਥਾ ਆਈ, ਇਸ ਦੀ ਫ਼ਤਿਹ ਹੋਈ ਅਤੇ ਸਾਰੀ ਦੁਨੀਆ ਨੇ ਇਸ ਦੀ ਸ਼ੋਭਾ ਕੀਤੀ। ਦੂਰ ਨਾ ਜਾਓ, ਪੜ੍ਹੋ ੧੯੨੧ ਦਾ ਨਨਕਾਣਾ ਸਾਹਿਬ ਦਾ ਸਾਕਾ, ੧੯੨੨ ਦਾ ਗੁਰੂ ਕੇ ਬਾਗ਼ ਦਾ ਮੋਰਚਾ ਅਤੇ ੧੯੨੪ ਗੰਗਸਰ ਜੈਤੋਂ ਦੇ ਸ਼ਹੀਦਾਂ ਦੀ ਵਾਰਤਾ। ਕੀ ਸੱਤਾਂ ਸਮੁੰਦਰਾਂ ਦੀ ਜੇਤੂ ਅੰਗਰੇਜ਼ ਸਰਕਾਰ ਉਨ੍ਹਾਂ ਸਾਹਮਣੇ ਨਹੀਂ ਝੁਕੀ? ਕੀ ਦੁਨੀਆ ਨੇ ਇਨ੍ਹਾਂ ਉਪਰ ਫ਼ੁੱਲ ਨਹੀਂ ਵਰਸਾਏ? ਕੀ ਸਿੱਖਾਂ ਨੂੰ ਇਨ੍ਹਾਂ ਮੋਰਚਿਆਂ ਵਿਚ ਸਫ਼ਲਤਾ ਨਹੀਂ ਮਿਲੀ? ਪਰ ਇਹ ਸਭ ਕੁਝ, ਸਦਕੇ ਉਸ ਜ਼ਬਤ ਦੇ ਸੀ, ਜੋ ਗੁਰੂ ਨੇ ਇਨ੍ਹਾਂ 'ਤੇ ਲਾਗੂ ਕੀਤਾ ਸੀ ਅਤੇ ਜਿਸ ਦੀ ਬਦੌਲਤ ਇਹ ਵਰ੍ਹਦੀਆਂ ਗੋਲੀਆਂ ਤੇ ਡਾਂਗਾਂ ਅੰਦਰ ਭੀ ਨਹੀਂ ਡੋਲੇ ਅਤੇ ਉਹ ਕੁਝ ਕਰ ਦਿਖਾਇਆ ਜਿਸ ਉਤੇ ਦੁਨੀਆ ਹੈਰਾਨ ਸੀ। ਕਿਸੇ ਨੂੰ ਮਾਮੂਲੀ ਸੱਟ ਮਾਰੋ ਤਾਂ 'ਹਾਇ, ਉਫ਼, ਮਰ ਗਿਆ' ਤੋਂ ਵੱਧ ਕੁਝ ਨਹੀਂ ਬੋਲਦਾ, ਪਰ ਇਹ ਸਿੱਖ ਸਨ ਜੋ ਡਾਂਗ, ਬਰਛੇ ਅਤੇ ਗੰਡਾਸੇ ਦੇ ਹਰ ਵਾਰ ਅਤੇ ਸਰੀਰ ਅੰਦਰ ਧੱਸੀ ਹਰ ਗੋਲੀ ਨਾਲ ਓਦੋਂ ਤੱਕ 'ਸਤਿਨਾਮੁ ਵਾਹਿਗੁਰੂ' ਬੋਲਦੇ ਜਾਂਦੇ, ਜਦ ਤੱਕ ਠੰਢੇ ਨਾ ਹੋ ਜਾਂਦੇ। ਕੀ ਇਹ 'ਨਾਮ' ਦੇ ਜ਼ਬਤ ਤੋਂ ਬਿਨ੍ਹਾਂ ਸੰਭਵ ਹੋ ਸਕਦਾ ਸੀ? ਹਰਗਿਜ਼ ਨਹੀਂ। ਉਨ੍ਹਾਂ ਦੇ ਅੰਦਰ ਗੁਰੂ ਉਪਰ ਅਟੁੱਟ ਸਿਦਕ ਅਤੇ ਉਸ ਦਾ ਬਖ਼ਸ਼ਿਆ ਨਾਮ ਸਮਾਇਆ ਹੋਇਆ ਸੀ, ਜਿਸ ਲਈ ਉਹ ਵੱਡੇ ਤੋਂ ਵੱਡੇ ਕਸ਼ਟ ਵਿਚ ਭੀ 'ਸਤਿਨਾਮੁ ਵਾਹਿਗੁਰੂ' ਤੋਂ ਬਿਨ੍ਹਾਂ ਕੁਝ ਨਹੀਂ ਸਨ ਬੋਲਦੇ। ਉਨ੍ਹਾਂ ਦੇ ਅੰਦਰ ਗੁਰੂ ਦੀ ਸੁਝਾਈ ਇਕੋ ਗੱਲ ਵੱਸੀ ਹੋਈ ਸੀ-

**"ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ ॥"**

**(ਗਉੜੀ : ੧੨, ਅੰਗ : ੩੩੮)**

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਤੇ ਸਮੁੱਚਾ ਸਿੱਖ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਗੁਰੂ ਉਪਰ ਕਦੀਂ ਨਾ ਡੋਲਣ ਵਾਲੇ ਵਿਸ਼ਵਾਸ ਦੇ ਸਿਰ 'ਤੇ ਹੀ ਸਿੱਖ ਕਠਿਨ ਤੋਂ ਕਠਿਨ ਮੁਸੀਬਤ ਸਹਿਣ ਵਾਲੇ ਹੋ ਗਏ। ਸੋ ਸਿੱਖ ਦਾ ਅਸਲ ਸਹਾਰਾ ਉਸ ਦਾ ਗੁਰੂ ਉਤੇ ਵਿਸ਼ਵਾਸ ਹੈ ਅਤੇ ਇਸ ਵਿਸ਼ਵਾਸ ਨੂੰ ਕਾਇਮ ਰੱਖਣ ਤੇ ਇਸ ਨੂੰ ਹੋਰ ਦ੍ਰਿੜ੍ਹ ਕਰਨ ਦਾ ਸਾਧਨ ਹੈ ਸਿੱਖੀ ਜ਼ਬਤ (ਅਨੁਸ਼ਾਸਨ)।




ਖ਼ਾਲਸਾ ਸਾਜਨਾ ਦਿਵਸ ਤੇ ਵੈਸਾਖੀ 1978 ਦੇ ਸ਼ਹੀਦਾਂ
ਦੀ ਯਾਦ ਵਿਚ ਸਮੂਹ ਅਖੰਡ ਕੀਰਤਨੀ ਜਥਿਆਂ ਵਲੋਂ

ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ

# ਸਾਲਾਨਾ ਵੈਸਾਖੀ ਅਖੰਡ ਕੀਰਤਨ ਸਮਾਗਮ

## 11 ਅਪ੍ਰੈਲ ਤੋਂ 15 ਅਪ੍ਰੈਲ 2013 ਤੱਕ



ਸਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ

ਖ਼ਾਲਸਾ ਸਾਜਨਾ ਦਿਵਸ ਤੇ 1978 ਦੇ ਸ਼ਹੀਦਾਂ ਦੀ ਯਾਦ ਨੂੰ ਮਨਾਉਣ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਦੀਆਂ ਸੰਗਤਾਂ ਨੇ ਹਰ ਸਾਲ ਦੀ ਤਰ੍ਹਾਂ ਅਖੰਡ ਕੀਰਤਨ ਸਮਾਗਮ ਕਰਨ ਦੇ ਉਪਰਾਲੇ ਕੀਤੇ ਹਨ। ਸਮੂਹ ਗੁਰੂ ਪਿਆਰਿਆਂ ਦੇ ਚਰਨਾਂ ਵਿਚ ਜੋਦੜੀਆਂ ਹਨ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ ਇਸ਼ਨਾਨ ਤੇ ਨਾਮ ਬਾਣੀ ਕੀਰਤਨ ਦੇ ਲਾਹੇ ਲੈਣ ਲਈ ਵਹੀਰਾਂ ਘੱਤ ਕੇ ਪਰਿਵਾਰਾਂ ਅਤੇ ਹੋਰ ਸੰਗੀ ਸਾਥੀਆਂ ਸਮੇਤ ਆਇ ਦੀਦਾਰੇ ਬਖ਼ਸ਼ੋ ਜੀ।



ਭਾਈ ਸਾਹਿਬ ਭਾਈ ਰਨਧੀਰ ਸਿੰਘ ਜੀ ਕੀਰਤਨ ਸਰਵਣ ਕਰਦੇ ਹੋਏ

## ਕੀਰਤਨ ਸਮਾਗਮ

**11 ਅਪ੍ਰੈਲ 2013, ਦਿਨ ਵੀਰਵਾਰ :** ਅੰਮ੍ਰਿਤ ਵੇਲੇ ਦੇ ਨਿਤਨੇਮ 1.00 ਵਜੇ ਤੋਂ 4.00 ਵਜੇ ਤੱਕ ਗੁਰਦੁਆਰਾ ਅੰਗੀਠਾ ਸਾਹਿਬ
ਦਿਵਸ ਸੁਹੇਲਾ ਸਮਾਗਮ ਸਵੇਰੇ 7.00 ਵਜੇ ਤੋਂ ਬਾਅਦ ਦੁਪਹਿਰ 1.00 ਵਜੇ ਤੱਕ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਟ੍ਰਸਟ
ਅਖੰਡ ਕੀਰਤਨ ਸ਼ਾਮ 5.30 ਤੋਂ ਰਾਤ 8.30 ਵਜੇ ਤੱਕ ਗੁ. ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ

**12 ਅਪ੍ਰੈਲ 2013, ਦਿਨ ਸ਼ੁੱਕਰਵਾਰ :** ਅੰਮ੍ਰਿਤ ਵੇਲੇ ਦੇ ਨਿਤਨੇਮ ਸਵੇਰੇ 1.00 ਵਜੇ ਤੋਂ ਲੈ ਕੇ 4.00 ਵਜੇ ਤੱਕ ਭਾਈ ਸੇਵਾ ਸਿੰਘ ਹਾਲ
ਦਿਵਸ ਸੁਹੇਲਾ ਸਮਾਗਮ ਸਵੇਰੇ 7.00 ਵਜੇ ਤੋਂ ਲੈ ਕੇ ਬਾਅਦ ਦੁਪਹਿਰ 1.00 ਵਜੇ ਤੱਕ ਗੁਰਦੁਆਰਾ ਗੁਰੂ ਕੇ ਮਹਿਲ
ਅਖੰਡ ਕੀਰਤਨ ਸਮਾਗਮ ਸ਼ਾਮੀਂ 5.30 ਵਜੇ ਤੋਂ ਲੈ ਕੇ ਰਾਤ 9.00 ਵਜੇ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ

**13 ਅਪ੍ਰੈਲ, 2013, ਦਿਨ ਸ਼ਨਿੱਚਰਵਾਰ :** ਅੰਮ੍ਰਿਤ ਵੇਲੇ ਦੇ ਨਿਤਨੇਮ 1.00 ਵਜੇ ਤੋਂ 4.00 ਵਜੇ ਤੱਕ ਭਾਈ ਸੇਵਾ ਸਿੰਘ ਹਾਲ
ਦਿਵਸ ਸੁਹੇਲਾ ਸਮਾਗਮ ਸਵੇਰੇ 7.00 ਵਜੇ ਤੋਂ ਲੈ ਕੇ ਬਾਅਦ ਦੁਪਹਿਰ 2.00 ਵਜੇ ਤੱਕ ਗੁਰਦੁਆਰਾ ਬਿਬੇਕਸਰ ਸਾਹਿਬ
ਅਖੰਡ ਕੀਰਤਨ ਸ਼ਾਮੀਂ 5.30 ਵਜੇ ਤੋਂ ਲੈ ਕੇ ਰਾਤੀਂ 12.00 ਵਜੇ ਤੱਕ ਗੁਰਦੁਆਰਾ ਰਾਮਸਰ ਸਾਹਿਬ

**14 ਅਪ੍ਰੈਲ 2013, ਦਿਨ ਐਤਵਾਰ :** ਅੰਮ੍ਰਿਤ ਵੇਲੇ ਦਾ ਨਿਤਨੇਮ 1.00 ਵਜੇ ਤੋਂ ਲੈ ਕੇ 4.00 ਵਜੇ ਤੱਕ ਭਾਈ ਸੇਵਾ ਸਿੰਘ ਹਾਲ
ਦਿਵਸ ਸੁਹੇਲਾ ਸਮਾਗਮ ਸਵੇਰੇ 7.00 ਵਜੇ ਤੋਂ ਲੈ ਕੇ ਬਾਅਦ ਦੁਪਹਿਰ 2.30 ਵਜੇ ਤੱਕ ਗੁਰਦੁਆਰਾ ਬਿਬੇਕਸਰ ਸਾਹਿਬ

**ਰੈਣਿ ਸਬਾਈ ਕੀਰਤਨ 14 ਅਪ੍ਰੈਲ 2013, ਦਿਨ ਐਤਵਾਰ** ਨੂੰ ਸ਼ਾਮੀਂ 8.00 ਵਜੇ ਤੋਂ ਲੈ ਕੇ 15 ਅਪ੍ਰੈਲ , ਦਿਨ ਸੋਮਵਾਰ ਸਵੇਰੇ 4.00 ਵਜੇ ਤੱਕ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ , ਸ੍ਰੀ ਦਰਬਾਰ ਸਾਹਿਬ ਵਿਖੇ ਹੋਣਗੇ।

**ਅੰਮ੍ਰਿਤ ਸੰਚਾਰ 14 ਅਪ੍ਰੈਲ 2013, ਦਿਨ ਐਤਵਾਰ** ਨੂੰ ਰਾਤੀਂ 8.00 ਵਜੇ ਗੁਰਦੁਆਰਾ ਅੰਗੀਠਾ ਸਾਹਿਬ ਵਿਖੇ ਹੋਣਗੇ।

ਸੰਗਤਾਂ ਦੀ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਬਾਬਾ ਸੇਵਾ ਸਿੰਘ ਹਾਲ, ਸੁਲਤਾਨਵਿੰਡ ਗੇਟ, ਗੁਰੂ ਨਾਨਕ ਸੀਨੀਅਰ ਸੈਕੰਡਰੀ ਸਕੂਲ, ਨੇੜੇ ਗੁਰਦੁਆਰਾ ਰਾਮਸਰ ਸਾਹਿਬ ਵਿਖੇ ਹੋਵੇਗਾ।

## ਦਾਸਰੇ : ਅਖੰਡ ਕੀਰਤਨੀ ਜਥਾ, ਸ੍ਰੀ ਅੰਮ੍ਰਿਤਸਰ ਸਾਹਿਬ

ਵਧੇਰੇ ਜਾਣਕਾਰੀ ਲਈ : 98152 70871, 93560 02354, 98880 20806, 98151 66660, 93572 44080, 97797 07082

# ਹੋਲੇ ਮਹੱਲੇ ਦਾ ਕਰਤਬ

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥ ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ ॥੩॥

ਤੀਰ ਤੁਹੀ ਸੈਹਥੀ ਤੁਹੀ ਤੁਹੀ ਤਬਰ ਤਲਵਾਰ ॥ ਨਾਮ ਤਿਹਾਰੋ ਜੋ ਜਪੈ ਭਏ ਸਿੰਧ ਭਵ ਪਾਰ ॥੪॥

ਕਾਲ ਤੁਹੀ ਕਾਲੀ ਤੁਹੀ ਤੁਹੀ ਤੇਗ ਅਰੁ ਤੀਰ ॥ ਤੁਹੀ ਨਿਸ਼ਾਨੀ ਜੀਤ ਕੀ ਆਜੁ ਤੁਹੀ ਜਗਬੀਰ ॥੫॥

(ਸ਼ਸ਼ਤ੍ਰ ਨਾਮ ਮਾਲਾ, ਪਾ. ੧੦)

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰ ਬੰਡੰ ॥

ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ॥

ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸਿ ਸਰਣੰ ॥

ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ ॥੨॥

(ਬਚਿੱਤ੍ਰ ਨਾਟਕ, ਪਾ. ੧੦)

ਅਕਾਲ ਪੁਰਖ ਕੀ ਰਛਾ ਹਮਨੈ ॥ ਸਰਬ ਲੋਹ ਦੀ ਰਛਿਆ ਹਮਨੈ ॥

ਸਰਬ ਕਾਲ ਜੀ ਦੀ ਰਛਿਆ ਹਮਨੈ ॥ ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ ॥

(ਅਕਾਲ ਉਸਤਤਿ ਪਾਤਿਸ਼ਾਹੀ ੧੦, ਅਰੰਭ)